ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

# ਸਾਂਝੀ ਸੋਚ

SANJHI SOCH HD

ਸਾਂਝੀ ਸੋਚ

ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2358 | 28 January, 2026 Wednesday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260


# ਅਮਰੀਕਾ ਨੂੰ ਬਰਫੀਲੇ ਤੂਫ਼ਾਨ ਨੇ ਘੇਰਿਆ ਜਨ-ਜੀਵਨ ਪੂਰੀ ਤਰ੍ਹਾਂ ਪ੍ਰਭਾਵਿਤ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਰਾਸ਼ਟਰਪਤੀ ਡੋਨਾਲਡ ਟਰੰਪ ਨੇ 20 ਰਾਜਾਂ ਅਤੇ ਵਾਸ਼ਿੰਗਟਨ, ਡੀ.ਸੀ. ਵਿੱਚ ਬਰਫੀਲੇ ਤੂਫ਼ਾਨ ਕਾਰਨ ਐਮਰਜੈਂਸੀ ਦਾ ਐਲਾਨ ਕੀਤਾ ਹੈ। ਤੂਫਾਨ ਦਾ ਪ੍ਰਭਾਵ 3,220 ਕਿਲੋਮੀਟਰ ਦੇ ਵਿਸ਼ਾਲ ਖੇਤਰ ਵਿੱਚ ਫੈਲ ਗਿਆ ਹੈ, ਜਿਸ ਨਾਲ ਲਗਭਗ 21 ਕਰੋੜ ਲੋਕ ਪ੍ਰਭਾਵਿਤ ਹੋਏ ਹਨ। ਨਿਊਯਾਰਕ, ਟੈਨੇਸੀ ਅਤੇ ਟੈਕਸਾਸ ਵਰਗੇ ਰਾਜਾਂ ਵਿੱਚ ਹੁਣ ਤੱਕ ਤੀਹ ਮੌਤਾਂ ਦੀ ਪੁਸ਼ਟੀ ਹੋ ਚੁੱਕੀ ਹੈ। ਕਈ ਸ਼ਹਿਰਾਂ ਵਿੱਚ 20 ਇੰਚ ਤੱਕ ਬਰਫ਼ਬਾਰੀ ਨੇ ਸੜਕਾਂ ਅਤੇ ਹਾਈਵੇਅ ਨੂੰ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਹੈ, ਜਿਸ ਨਾਲ ਖੋਜ ਅਤੇ ਬਚਾਅ ਟੀਮਾਂ ਲਈ ਇੱਕ ਵੱਡੀ ਚੁਣੌਤੀ ਖੜ੍ਹੀ ਹੋ ਗਈ ਹੈ। ਬਰਫੀਲੇ ਮੀਂਹ ਅਤੇ ਤੂਫਾਨ ਕਾਰਨ ਡਿੱਗੀਆਂ ਬਿਜਲੀ ਦੀਆਂ ਲਾਈਨਾਂ ਕਾਰਨ 7 ਲੱਖ ਤੋਂ ਵੱਧ ਘਰ ਅਤੇ ਕਾਰੋਬਾਰ ਹਨੇਰੇ ਵਿੱਚ ਡੁੱਬ ਗਏ ਹਨ। ਟੈਨੇਸੀ ਅਤੇ ਲੁਈਸਿਆਨਾ ਵਿੱਚ ਸਥਿਤੀ ਖਾਸ ਤੌਰ 'ਤੇ ਭਿਆਨਕ ਹੈ, ਜਿੱਥੇ ਬਿਜਲੀ ਬਹਾਲ ਕਰਨ ਵਿੱਚ ਹਫ਼ਤੇ ਲੱਗ ਸਕਦੇ ਹਨ। ਇਸ ਦੌਰਾਨ, ਹਵਾਬਾਜ਼ੀ ਖੇਤਰ ਵਿੱਚ ਹੁਣ ਤੱਕ ਦੀ ਸਭ ਤੋਂ ਵੱਡੀ ਗਿਰਾਵਟ ਦੇਖੀ ਗਈ ਹੈ। ਇਕੱਲੇ ਸੋਮਵਾਰ ਨੂੰ 8,000 ਤੋਂ ਵੱਧ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ, ਜਿਸ ਨਾਲ ਲੱਖਾਂ ਯਾਤਰੀ ਹਵਾਈ ਅੱਡਿਆਂ 'ਤੇ ਫਸ ਗਏ। ਇਸ ਗੰਭੀਰ ਠੰਢ ਦਾ ਮੁੱਖ ਕਾਰਨ ਪੋਲਰ ਵੌਰਟੈਕਸ ਦਾ ਦੱਖਣ ਵੱਲ ਸ਼ਿਫਟ ਹੋਣਾ ਹੈ। ਕੈਨੇਡੀਅਨ ਸਰਹੱਦ ਦੇ ਨੇੜੇ ਵਾਟਰਟਾਊਨ ਅਤੇ ਕੋਪਨਹੇਗਨ ਵਰਗੇ ਇਲਾਕਿਆਂ ਵਿੱਚ ਤਾਪਮਾਨ -45º ਤੱਕ ਡਿੱਗ ਗਿਆ ਹੈ। ਮਾਹਿਰਾਂ ਦੇ ਅਨੁਸਾਰ, ਇਹ ਆਰਕਟਿਕ ਤੂਫ਼ਾਨ ਇੰਨਾ ਜ਼ਿਆਦਾ ਠੰਡਾ ਹੈ ਕਿ ਬਾਹਰ ਨਿਕਲਣ ਨਾਲ ਮਿੰਟਾਂ ਵਿੱਚ ਹੀ ਠੰਡ ਲੱਗ ਸਕਦੀ ਹੈ। ਨਿਊਯਾਰਕ ਦੀ ਗਵਰਨਰ



ਕੈਥੀ ਹੋਚੁਲ ਨੇ ਇਸਨੂੰ "ਇਤਿਹਾਸਕ ਅਤੇ ਬਹੁਤ ਖ਼ਤਰਨਾਕ" ਕਿਹਾ ਹੈ, ਲੋਕਾਂ ਨੂੰ ਘਰ ਦੇ ਅੰਦਰ ਰਹਿਣ ਦੀ ਅਪੀਲ ਕੀਤੀ ਗਈ ਹੈ। ਧਰੁਵੀ ਵੌਰਟੈਕਸ ਉੱਤਰੀ ਧਰੁਵ ਦੇ ਨੇੜੇ ਘੁੰਮਦੀ ਠੰਡੀ ਹਵਾ ਦਾ ਇੱਕ ਵਿਸ਼ਾਲ ਘੇਰਾ ਹੈ। ਜਦੋਂ ਇਹ ਘੇਰਾ ਅਸਥਿਰ ਹੋ ਜਾਂਦਾ ਹੈ ਅਤੇ ਦੱਖਣ ਵੱਲ ਝੁਕਦਾ ਹੈ, ਤਾਂ ਇਹ ਅਮਰੀਕੀ ਮੈਦਾਨਾਂ ਵਿੱਚ ਜੰਮੀ ਹੋਈ ਆਰਕਟਿਕ ਹਵਾ ਲਿਆਉਂਦਾ ਹੈ, ਜਿਸ ਕਾਰਨ ਤਾਪਮਾਨ ਰਿਕਾਰਡ ਹੇਠਲੇ ਪੱਧਰ ਤੱਕ ਡਿੱਗ ਜਾਂਦਾ ਹੈ। ਰਾਸ਼ਟਰਪਤੀ ਲਈ ਐਮਰਜੈਂਸੀ ਦੀ ਸਥਿਤੀ ਦਾ ਐਲਾਨ ਕਰਨ ਦਾ ਅਰਥ ਹੈ ਕਿ ਇੱਕ ਵਾਰ ਐਮਰਜੈਂਸੀ ਘੋਸ਼ਿਤ ਹੋਣ ਤੋਂ ਬਾਅਦ, ਸੰਘੀ ਏਜੰਸੀ ਫੇਮਾ ਨੂੰ ਪ੍ਰਭਾਵਿਤ ਰਾਜਾਂ ਵਿੱਚ ਬਚਾਅ ਕਾਰਜਾਂ, ਮਲਬੇ ਦੀ ਸਫਾਈ ਅਤੇ ਆਰਥਿਕ ਸਹਾਇਤਾ ਲਈ ਵਾਧੂ ਫੰਡ ਅਤੇ ਸਰੋਤ ਜੁਟਾਉਣ ਲਈ ਕਾਨੂੰਨੀ ਤੌਰ 'ਤੇ ਅਧਿਕਾਰਤ ਕੀਤਾ ਜਾਂਦਾ ਹੈ। ਇਹ ਰਾਜ ਸਰਕਾਰਾਂ ਨੂੰ ਸੰਘੀ ਵਿੱਤੀ ਸਹਾਇਤਾ ਦਾ 75% ਤੱਕ ਪ੍ਰਾਪਤ ਕਰਨ ਦੀ ਆਗਿਆ ਦਿੰਦਾ ਹੈ।


Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor®
Contact : Cell (209) 550-1704
220 - A Standiford Ave, Modesto, CA 95350, kkaur@mycvre.com

Space availabe for Ad
Contact #
+1 (209) 303-1260

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality
Wedding Videos
Pre Wedding
Shoots
Packages fit to your budget
Contact: Barjesh 209-541-0641
Email: lambavideoproduction@yahoo.com

Mann & Associates Insurance Services, Inc.
Medicare Supplement Plans
• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ
• The American Rescue Plan passed by President Biden could save you hundreds or even thousands of dollars a month.
• There is more financial help than ever before
• Even if you didn't qualify for subsidies before, now you might be able to save thousands on health insurance premiums.
• Huge tax credits are available only if you apply thru Covered California
ਹੈਲਥ ਇੰਸ਼ੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸ਼ੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।
Anthem
Covered California | Certified Insurance Agent
Inderjeet Singh Mann
CA Lic# 0H82488
Ph.: (916) 900-2000

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com | www.thepalfilms.com

# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We do commercial loans for businesses, gas stations, lands and commercial properties

We provide the best in class evaluation for your real estate/business to maximize the profits for you




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ **Pre-Approvals** ਪ੍ਰਾਪਤ ਕਰੋ

# LENDINGASSETS
Elevating Your Mortgage Experience

## Home Loan ਘਰਾਂ ਦੇ ਲੋਨ


- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**




NAV INDIAN MERCHANDISE
GROCERY STORE

3230 MITCHELL ROAD, STE, C, CERES, CA 95307





ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।

ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ

ਇੱਕ ਵਾਰ Visit ਜ਼ਰੂਰ ਕਰੋ।





Ria
MONEY TRANSFER

INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ





Contact Number
+1 (209) 537-5702

ਸਾਂਝੀ ਸੋਚ
SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH

DAILY NEWSPAPER

2601 Oakdale Road, Suite H2-167 Modesto, CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਚਾਈਨਾ ਡੋਰ ਨਾਲ ਰੋਜਾਨਾ ਮੰਦਭਾਗੀਆਂ ਘਟਨਾਵਾਂ ਵਾਪਰ ਰਹੀਆਂ ਹਨ, ਲੱਖ ਲਾਹਨਤਾਂ ਹਨ ਇਹੋ ਜਿਹੀਆਂ ਸਰਕਾਰਾਂ ਤੇ!! ਜੋ ਮੂਕ ਦਰਸ਼ਕ ਬਣ ਕੇ ਇਸ ਵਰਤਾਰੇ ਨੂੰ ਵੇਖਦੀਆਂ ਆ ਰਹੀਆ ਹਨ

SANJHI SOCH

ਜੰਗ ਸਿੰਘ ਮਰਸੰਡ (ਅਮਰੀਕਾ)

+1 415 603 7380



ਜਿਉਂ ਹੀ ਬਸੰਤ ਦਾ ਮੌਸਮ ਆਉਂਦਾ ਹੈ ਕੀ ਮਾਸੂਮ ਬੱਚੇ ,ਕੀ ਨੌਜੁਆਨ , ਕੀ ਬਜੁਰਗ ਤੇ ਕੀ ਪਸ਼ੂ ਤੇ ਪੰਛੀ ਸਭ ਚਾਈਨਾ ਡੋਰ ਦਾ ਸ਼ਿਕਾਰ ਹੋ ਰਹੇ ਹਨ ?ਇਹ ਮੰਦਭਾਗੀਆਂ ਘਟਨਾਵਾਂ ਸਿਰਫ ਬਸੰਤ ਤੇ ਹੀ ਨਹੀਂ ਵਾਪਰਦੀਆਂ ਬਲਕਿ ਜਦੋਂ ਦੇਸ਼ ਦੇ ਹੋਰ ਵੱਖ ਵੱਖ ਪ੍ਰਾਂਤਾਂ ਦੇ ਬੱਚੇ ਹੀ ਨਹੀਂ ਬਲਕਿ ਹੋਰ ਵੱਡੇ ਵੀ ਪਤੰਗ ਚੜਾਉਂਦੇ ਹਨ ਤਾਂ ਉਹ ਸਾਰੇ ਅਕਸਰ ਤੌਰਤੇ ਚਾਈਨਾ ਡੋਰ ਦਾ ਸ਼ਿਕਾਰ ਹੋਰਨਾਂ ਨੂੰ ਕਰਾਉਂਦੇ ਆ ਰਹੇ ਹਨ ।ਬਹੁਤ ਸਾਰੀ ਥਾਈਂ ਘਰ ਦਾ ਇਕੋ ਇਕ ਚਿਰਾਗ ਕਹਿਣ ਦਾ ਭਾਵ ਇਕੋ ਇਕ ਪੁੱਤਰ ਇਸ ਚਾਈਨਾ ਡੋਰ ਦਾ ਸ਼ਿਕਾਰ ਹੋ ਕੇ ਸਾਰੀ ਉਮਰ ਲਈ ਆਪਣੇ ਮਾਪਿਆਂ ਲਈ ਰਿਸ ਰਿਸ ਕੇ ਜਿੰਦਗੀ ਜੀਊਣ ਲਈ ਛੱਡ ਜਾਂਦਾ ਹੈ।ਦੇਸ਼ ਵਿੱਚ ਇੰਦਰਾ ਗਾਂਧੀ ਦੇ ਰਾਜ ਕਾਲ ਵਿੱਚ ਉਨਾਂ ਦੇ ਪੁੱਤਰ ਸ੍ਰੀ ਸੰਜੈ ਗਾਂਧੀ ਵਲੋਂ ਚਲਾਈ ਪ੍ਰੀਵਾਰ ਨਿਯੋਜਨ ਦੀ ਮੁਹਿੰਮ ਦਾ ਅਸਰ ਭਾਵੇਂ ਸਾਰੇ ਦੇਸ਼ ਵਿੱਚ ਪਿਆ ਪਰ ਬਹੁਤਾ ਅਸਰ ਪੰਜਾਬ ਵਰਗੇ ਉਨਾਂ ਸੂਬਿਆਂ ਵਿੱਚ ਹੋਇਆ ਜਿਹੜੇ ਸੂਬੇ ਪੜ੍ਹੇ ਲਿਖੇ ਹੋਣ ਦੇ ਨਾਲ ਇਸ ਪਖੋਂ ਸੁਚੇਤ ਹੋ ਗਏ ਸਨ।ਪੰਜਾਬ ਵਿੱਚ ਬਸੰਤ ਦਾ ਤਿਉਹਾਰ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ। ਕੀ ਸਹਿਰਾਂ ਤੇ ਕੀ ਪਿੰਡਾਂ ਬੱਚੇ ਤੋਂ ਲੈ ਕੇ ਵਡੇਰੀ ਉਮਰ ਦੇ ਪਿੰਡ ਜਾਂ ਸ਼ਹਿਰ ਦੇ ਕਿਸੇ ਖੁੱਲੇ ਮੈਦਾਨ ਵਿੱਚ ਇੱਕਠੇ ਹੁੰਦੇ ਹਨ ਅਤੇ ਬੜੇ ਚਾਈਂ ਚਾਈਂ ਰੰਗ ਬਿਰੰਗੀਆਂ ਪਤੰਗਾਂ , ਡੋਰਾਂ ਲੈਕੇ ਪਤੰਗਾਂ ਨੂੰ ਉਡਾਉਣ ਲਈ ਇਕੱਠੇ ਹੁੰਦੇ ਹਨ ਉਦੋਂ ਵੀ ਪਤੰਗਾਂ ਦੇ ਪੇਚੇ ਵੀ ਲਗਦੇ ਸਨ , ਬੱਚੇ ਪਤੰਗਾਂ ਨੂੰ ਲੁੱਟਦੇ ਵੀ ਸਨ ਪਰ ਕਦੇ ਨਹੀਂ ਸੀ ਸੁਣੀਂਦਾ ਕਿ ਕਿਸੇ ਬੱਚੇ,ਬਜੁਰਗ ਜਾਂ ਫਿਰ ਕੋਈ ਪੰਛੀ ਜਾਂ ਜਾਨਵਰ ਕਿਸੇ ਤਰਾਂ ਦੀ ਮੰਦਭਾਗੀ ਘਟਨਾ ਦਾ ਸ਼ਿਕਾਰ ਹੋਇਆ ਹੈ ਕਿਉਂ ਕਿ ਉਸ ਵੇਲੇ ਦੀਆ ਡੋਰਾਂ ਨੁਕਸਾਨ ਪਹੁੰਚਾਊ ਨਹੀਂ ਸਨ ।ਪਰ ਜਦੋਂ 'ਚਾਈਨਾ ਡੋਰ' ਨਾਂ ਦੀ ਡੋਰ ਨੇ ਦੇਸ਼ ਵਿੱਚ ਪੈਰ ਪਸਾਰੇ ਹਨ ਬਸੰਤ ਦੇ ਮੌਕੇ ਜਾਂ ਫਿਰ ਜਦੋਂ ਬੱਚੇ ਇਕੱਠੇ ਹੋ ਪਤੰਗ ਉਡਾਉਂਦੇ ਹਨ ਇਹੋ ਜਿਹੀਆਂ ਮੰਦਭਾਗੀਆਂ ਘਟਨਾਵਾਂ ਵਾਪਰਦੀਆਂ ਆ ਰਹੀਆਂ ਹਨ।ਜੇ ਕਰ ਪਤੰਗ ਦੇ ਇਤਿਹਾਸ ਤੇ ਸਰਸਰੀ ਨਜਰ ਮਾਰੀਏ ਤਾਂ ਇਸ ਦੀ ਸ਼ੁਰੂਆਤ ਚੀਨ ਦੇ ਵੇਇੰਗ ਸਟੇਟ ਵਿੱਚ 3000 ਸਾਲ ਪਹਿਲਾਂ ਹੋਈ ਦੱਸੀ ਜਾਂਦੀ ਹੈ ਪਤੰਗ ਨੂੰ ਸਭ ਤੋਂ ਪਹਿਲਾਂ ਬਣਾਉਣ ਵਾਲੇ ਚੀਨੀ ਫਿਲਾਸਫਰ 'ਮੌਜੀ ਐਂਡ ਲੂ ਬੈਨ' ਨੇ ਤਿਆਰ ਕੀਤਾ ਸੀ ਇਹ ਮੁੱਢਲਾ ਪਤੰਗ ਲਕੜ੍ਹੀ ,ਬੰਬੂ ਤੇ ਰੇਸ਼ਮ ਦਾ ਬਣਾਇਆ ਗਿਆ ਦਸਿਆ ਜਾਂਦਾ ਹੈ ਤੇ ਇਸ ਦੀ ਵਰਤੋਂ ਫੌਜੀ ਆਪਣੇ ਮਤਲਬ ਲਈ ਕਰਦੇ ਸਨ। ਇਸ ਪਤੰਗ ਨੂੰ ਸਭ ਤੋਂ ਪਹਿਲਾਂ ਚੀਨ ਦੇ ਵੈਇੰਗ ਸਟੇਟ ਵਿੱਚ ਬਣਾਇਆ ਗਿਆ ਸੀ ਉਪਰੰਤ ਸ਼ਹਿਰ ਸ਼ੈਨਡੋਂਗ ਦੇ ਵੇਅਫਿੰਗ 'ਪਤੰਗ ਉਤਸਵ' ਵਿੱਚ ਉਡਾਇਆ ਗਿਆ ਦਸਿਆ ਜਾ ਰਿਹਾ ਹੈ।ਮੁੱਕਦੀ ਗੱਲ ਇਹ ਹੈ ਕਿ ਇਸ ਪਤੰਗ ਨੂੰ ਬਣਾਇਆ ਭਾਵੇਂ ਕਿਸੇ ਵੀ ਦੇਸ਼ ਨੇ ਹੋਵੇ ਪਰ ਜੋ ਹਾਲਤ ਇਸ ਪਤੰਗ ਦੀ ਦੁਰਵਰਤੋਂ ਕਰਕੇ ਸਾਡੇ ਦੇਸ਼ ਵਾਸੀਆਂ ਨੇ ਕਰ ਦਿੱਤੀ ਹੈ ਜੇ ਮੌਜੂਦਾ ਇਸ ਤੇ ਸਰਸਰੀ ਝਾਤ ਮਾਰਈਏ ਤਾਂ ਉਸ ਨੇ ਲੋਕਾਂ ਨੂੰ ਸਿਵਾਏ ਤਰਾਸਦੀ ਦੇਣ ਤੋਂ ਹੋਰ ਕੁਝ ਨਹੀਂ ਦਿੱਤਾ। ਪਿਛਲੇ ਸਮੇਂ ਵਿੱਚ ਅਖਬਾਰਾਂ ਵਿੱਚ ਛੱਪੀਆਂ ਖੱਬਰਾਂ ਵਿੱਚ ਮਾਸੂਮ ਛੋਟੇ ਛੋਟੇ ਬੱਚੇ ਜਿਹੜੇ ਹਾਲੇ ਆਪਣੀ ਮਾਂ ਦੀ ਗੋਦ ਵਿੱਚ ਕਿਸੇ ਮੋਟਰਸਾਈਕਲ ਜਾਂ ਸਕੂਟਰ ਤੇ ਜਾ ਰਹੇ ਹੋਣਗੇ। ਉਨਾਂ ਵਿੱਚੋ ਇਕ ਦਾ ਚਿਹਰਾ ਇਸ ਚਾਈਨਾ ਡੋਰ ਨੇ ਉਸ ਦੀ ਸਾਰੀ ਗੱਲ੍ਹ ਨੂੰ ਚੀਰ ਕੇ ਧੋਣ ਤਕ ਚੀਰ ਗਿਆ ਸੀ। ਉਸ ਦੀ ਇਸ ਸਾਰੀ ਥਾਂ ਤੇ ਲਗੇ ਅਣਗਿਣਤ ਟਾਂਕਿਆਂ ਨਾਲ ਹਰੇਕ ਇਨਸਾਨ ਦਾ ਮਨ ਪਸੀਜ ਹੀ ਨਹੀਂ ਸੀ ਜਾਂਦਾ ਬਲਕਿ ਸੌ ਸੌ ਗਾਲਾਂ ਵੀ ਉਸ ਪਤੰਗ ਨੂੰ ਚੜਾਉਣ ਵਾਲੇ ਨੂੰ ਦੇ ਰਿਹਾ ਸੀ ।ਕਿਧਰੇ ਕਿਸੇ ਮਾਂ ਪਿਉ ਦਾ ਇਕੋ ਇਕੋ ਪੁੱਤਰ ਇਸੇ ਚਾਈਨਾ ਡੋਰ ਦਾ ਸ਼ਿਕਾਰ ਹੋ ਕੇ ਇਸ ਜਹਾਨ ਨੂੰ ਸਦਾ ਲਈ ਅਲਵਿਦਾ ਕਹਿ ਗਿਆ ਸੀ। ਇਹੋ ਜਿਹੇ ਅਨੇਕਾਂ ਮਾਪਿਆਂ ਦੇ ਦਿੱਲਾਂ ਤੇ ਕਿਸ ਤਰਾਂ ਦੀ ਗੁਜਰ ਰਹੀ ਹੋਵੇਗੀ।

ਇਹ ਕਿਸ ਪ੍ਰਕਾਰ ਦੀ ਖੁਸ਼ੀ ਹੈ ਕਿ ਪਤੰਗ ਉਡਾਉਣ ਵਾਲੇ ਕਿੰਨੇ ਬੇਦਰਦ ਹਨ ਕਿ ਉਨਾਂ ਨੂੰ ਸਿਵਾਏ ਪਤੰਗ ਉਡਾਉਣ ਤੇ ਆਪਣੀ ਖੁਸ਼ੀ ਤੋਂ ਇਲਾਵਾ ਹੋਰ ਕੁਝ ਨਜਰ ਨਹੀਂ ਆ ਰਿਹਾ "ਕੋਈ ਮਰੇ ਕੋਈ ਜੀਵੇ,ਸੁੱਥਰਾ ਘੋਲ ਪਤਾਸੇ ਪੀਵੇ" ।ਸਭ ਤੋਂ ਵੱਧ ਹੈਰਾਨੀ ਤੇ ਦੁੱਖ ਦੀ ਗੱਲ ਹੈ ਕਿ ਕੀ ਦੇਸ਼ ਤੇ ਕੀ ਪ੍ਰਾਂਤਾਂ ਦੀਆਂ ਸਰਕਾਰਾਂ ਸਭ ਡੁੰਨ ਬਣ ਕੇ ਇਸ ਦੁੱਖ ਭਰੇ ਵਰਤਾਰੇ ਨੂੰ ਦੇਖਦੀਆਂ ਆ ਰਹੀਆਂ ਹਨ। ਇਹ ਹੀ ਹਾਲ ਸਾਡੇ ਪੁਲੀਸ ਪ੍ਰਸ਼ਾਸ਼ਨ ਦਾ ਹੈ ਉਹ ਵੀ ਆਪਣੀ ਜਿੰਮੇਵਾਰੀ ਨਿਭਾਉਣ ਤੋਂ ਬੁਰੀ ਤਰਾਂ ਫੇਲ੍ਹ ਹੈ।ਜੇਕਰ ਸਰਕਾਰਾਂ ਨੇ ਇਨਾਂ ਮੰਦਭਾਗੀਆਂ ਘਟਨਾਵਾਂ ਨੂੰ ਰੋਕਣ ਵਿੱਚ ਹੋਰ ਢਿੱਲ ਵਰਤੀ ਤਾਂ ਉਹ ਦਿਨ ਦੂਰ ਨਹੀਂ ਜਦੋਂ ਇਹੋ ਜਿਹੀਆਂ ਦੁੱਖਦਾਇਕ ਘਟਨਾਵਾਂ ਦਿਨ ਬ ਦਿਨ ਵੱਧਦੀਆਂ ਹੀ ਜਾਣਗੀਆਂ ਕਿਉਂ ਕਿ ਪਤੰਗ ਉਡਾਉਣ ਵਾਲਿਆਂ ਦੇ ਹੁਣ ਤਕ ਦੁੱਖਦਾਇਕ ਹਾਲਤਾਂ ਨੂੰ ਵੇਖ ਕੇ ਉਨਾਂ ਦੇ ਮਨ ਨਹੀਂ ਪਸੀਜੇ ਤੇ ਉਨਾਂ ਨੇ ਆਪਣੀ ਸਿਰਫ ਤੇ ਸਿਰਫ ਖੁਸ਼ੀ ਲਈ ਇਨਾਂ ਮਨੁੱਖਤਾ ਮਾਰੂ ਚਾਈਨਾ ਡੋਰਾਂ ਨੂੰ ਵਰਤਣਾ ਨਹੀਂ ਛੱਡਿਆ।ਮਤਲਬ ਸਪਸ਼ਟ ਹੈ ਕਿ ਇਸ ਵਰਤਾਰੇ ਨੂੰ ਜੇਕਰ ਰੋਕਿਆ ਜਾ ਸਕਦਾ ਹੈ ਉਸ ਲਈ ਸਖਤਾਈ ਦੀ ਜਰੂਰਤ ਹੈ ਤੇ ਇਹ ਸਖਤਾਈ ਤਿੰਨ ਧਿਰੀ ਕਰਨੀ ਪਵੇਗੀ ਇਸ ਵਿੱਚ ਕੇਂਦਰ ਤੇ ਸੂਬਿਆਂ ਦੀਆਂ ਸਰਕਾਰਾਂ, ਪੁਲੀਸ ਪ੍ਰਬੰਧ ਅਤੇ ਬੱਚਿਆਂ ਦੇ ਮਾਪਿਆਂ ਆਦਿ ਸਭ ਨੂੰ ਰੱਲ ਕੇ ਆਪਣੀ ਜਿੰਮੇਵਾਰੀ ਨਿਭਾਉਣੀ ਪਵੇਗੀ ਤਾਂ ਹੀ ਸਾਰਥਕ ਨਤੀਜੇ ਨਿਕਲ ਸਕਦੇ ਹਨ।ਹੁਣ ਤਕ ਦੀ ਸਰਕਾਰ ਤੇ ਪੁਲੀਸ ਦੀ ਖਾਮੋਸ਼ੀ ਬਹੁਤ ਹੀ ਚਿੰਤਾ ਜਨਕ ਹੈ ।ਕੀ ਸਰਕਾਰਾਂ ਜਾਂ ਪੁਲੀਸ ਪ੍ਰਸ਼ਾਸ਼ਨ ਚਾਈਨਾ ਡੋਰ ਨਹੀਂ ਸੀ ਰੋਕ ਸਕਦਾ? ਸਰਕਾਰਾਂ ਰੋਕ ਸਕਦੀਆਂ ਸਨ ਹਾਂ ਜੇਕਰ ਉਨਾਂ ਦੀਆਂ ਨੀਅਤਾਂ ਸਾਫ ਹੁੰਦੀਆਂ। ਸਰਕਾਰਾਂ ਨੂੰ ਪਤਾ ਹੈ ਕਿ ਇਸ ਚਾਈਨਾ ਡੋਰ ਨੂੰ ਬਣਾਉਣ ਵਾਲੇ ਆਮ ਸਾਧਾਰਣ ਬੰਦੇ ਨਹੀਂ ਹਨ ਜਿਹੜੇ ਹਨ ਉਹ ਵੀ ਉੱਚ ਘਰਾਣਿਆਂ ਨਾਲ ਸਬੰਧਤ ਵੱਡੇ ਸਨਅਤਕਾਰ ਹਨ ! ਜੇਕਰ ਉਨਾਂ ਨੂੰ ਰੋਕਿਆ ਜਾਂਦਾ ਤਾਂ ਇਕ ਤਰਾਂ ਨਾਲ ਉਹ ਉਨਾਂ ਨਾਲ ਨਰਾਜ ਹੋ ਜਾਣਗੇ।ਉਨਾਂ ਦੀਆਂ ਤੋਂ ਭਾਵ ਹੈ ਕੇਂਦਰ ਤੇ ਸੂਬਿਆਂ ਦੀਆਂ ਸਰਕਾਰਾਂ।ਸਰਕਾਰਾਂ ਤੇ ਉਨਾਂ ਦੀਆ ਰਾਜਨੀਤਕ ਪਾਰਟੀ ਦੇ ਆਗੂ ਸਮਝਦੇ ਹਨ ਜੇਕਰ ਅਸੀ ਉਨਾਂ ਨੂੰ ਚਾਈਨਾ ਡੋਰਾਂ ਨੂੰ ਬਣਾਉਣ ਤੋਂ ਰੋਕਿਆ ਤਾਂ ਉਨਾਂ ਦੀਆਂ ਵੋਟਾਂ ਟੁੱਟਣਗੀਆਂ ਇਸ ਤੋਂ ਵੱਧ ਚੋਣਾਂ ਵਿੱਚ ਮਿਲਣ ਵਾਲਾ ਧੰਨ ਦਾ ਗੱਫਾ ਵੀ ਬੰਦ ਹੋ ਜਾਵੇਗਾ।ਪੁਲੀਸ ਦੀ ਹਾਲਤ ਤਾਂ ਇਹ ਹੈ ਕਿ ਉਸ ਨੇ ਸਰਕਾਰ ਦੇ ਹੁਕਮਾਂ ਨੂੰ ਉਡੀਕਣਾ ਹੈ ਤੇ ਸਰਕਾਰ ਵਲੋਂ ਹੁਕਮ ਮਿਲਣ ਤੇ ਕੰਮ ਕਰਨਾ ਹੈ।ਪੁਲੀਸ ਪ੍ਰਸ਼ਾਸ਼ਨ ਖਾਮੋਸ਼ ਰਹਿ ਕੇ ਉਹ ਵੀ ਧੰਨ ਕਮਾ ਰਹੇ ਹਨ ।ਇਸ ਸਥਿੱਤੀ ਵਿੱਚ ਜੇ ਘਾਣ ਹੋ ਰਿਹਾ ਹੈ ਤਾਂ ਉਹ ਆਮ ਸਾਧਾਰਣ ਲੋਕਾਂ ਦਾ ਹੈ।ਜੇਕਰ ਇਸ 'ਬੱਚੇਖਾਣੀ' ਚਾਈਨਾ ਡੋਰ ਨੂੰ ਬੰਦ ਨਾ ਕੀਤਾ ਗਿਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਤੰਗ ਆ ਕੇ ਲੋਕਾਂ ਨੂੰ ਬਗਾਵਤ ਕਰਨੀ ਪੈ ਜਾਵੇ ।ਇਸ ਲਈ ਕੇਂਦਰ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਬਿਨਾ ਕਿਸੇ ਦੇਰੀ ਦੇ ਆਪਣੇ ਸੂਬਿਆਂ ਦੀਆਂ ਸਰਕਾਰਾਂ ਨੂੰ ਹੁਕਮ ਦੇਵੇ ਕਿ ਉਹ ਆਪਣੇ ਸੂਬੇ ਦੇ ਪੁਲੀਸ ਪ੍ਰਸ਼ਾਸ਼ਨ ਨੂੰ ਸਖਤ ਆਦੇਸ਼ ਦੇਣ ਕਿ ਜਿਸ ਏਰੀਏ ਵਿੱਚ ਚਾਈਨਾ ਡੋਰ ਨਾਲ ਕਿਸੇ ਵੀ ਮਨੁੱਖ, ਬੱਚੇ , ਜਾਨਵਰ ਜਾਂ ਪੰਛੀ ਨਾਲ ਜਾਨ ਗਈ ਜਾਂ ਇਸ ਡੋਰ ਨਾਲ ਕੋਈ ਮੰਦਭਾਗੀ ਘਟਨਾ ਵਾਪਰੀ ਤਾਂ ਉਸ ਏਰੀਏ ਦੀ ਪੁਲੀਸ ਦਾ ਸੀਨੀਅਰ ਸੁਪਡੈਂਟ ਪੁਲੀਸ ਨੂੰ ਨੌਕਰੀ ਤੋਂ ਬਿਨਾ ਦੇਰੀ ਡਿਸਮਿਸ ਕਰ ਦਿੱਤਾ ਜਾਵੇਗਾ ਇਸ ਦੇ ਨਾਲ ਹੀ ਦੋਸ਼ੀ ਨੂੰ ਛੇ ਮਹੀਨੇ ਦੀ ਕੈਦ ਦੀ ਸਜਾ ਵੀ ਦਿੱਤੀ ਜਾਵੇਗੀ।ਇਸ ਦਾ ਸਿੱਧਾ ਇਹ ਅਸਰ ਹੋਵੇਗਾ ਕਿ ਫਿਰ ਦੇਖਿਓ ਕਿ ਮਜਾਲ ਹੈ ਕਿ ਪੁਲੀਸ ਪ੍ਰਸ਼ਾਂਸ਼ਨ ਕਿਸੇ ਬੱਚੇ ਜਾਂ ਨੌਜੁਆਨ ਨੂੰ ਚਾਈਨਾ ਡੋਰ ਨਾਲ ਪਤੰਗ ਉਡਾਉਣ ਦੇਵੇ ਇਹ ਹੀ ਨਹੀਂ ਫਿਰ ਉਨਾਂ ਦੇ ਘਰਾਂ ਵਿੱਚ ਚਾਈਨਾ ਡੋਰ ਵੀ ਲੱਭ ਜਾਵੇ।ਹਾਂ ਇਥੇ ਕਹਿਣਾ ਇਹ ਵੀ ਯੋਗ ਹੋਵੇਗਾ ਕਿ ਸਰਕਾਰ ਫਿਰ ਆਪਣੇ ਕਿਸੇ ਵੀ ਬੰਦੇ ਨੂੰ ਭਾਵੇਂ ਉਹ ਕਿੱਡਾ ਹੀ ਮਹਤਵਪੂਰਨ ਤੇ ਪਹੁੰਚ ਵਾਲਾ ਕਿਉਂ ਨਾ ਹੋਵੇ ?ਉਸ ਰਾਜਨੀਤਕ ਬੰਦੇ ਨੂੰ ਛੱਡਣ ਲਈ ਪੁਲੀਸ ਪ੍ਰਸ਼ਾਂਸਨ ਨੂੰ ਬਿਲਕੁਲ ਨਾ ਕਹੇਗੀ, ਨਹੀਂ ਤਾਂ ਫਿਰ ਇਹ ਕੰਮ ਕਦੇ ਵੀ ਬੰਦ ਨਹੀਂ ਹੋ ਸਕੇਗਾ? ਸਰਕਾਰ ਇਹ ਹੁਕਮ ਵੀ ਪਾਸ ਕਰੇ ਜੇਕਰ ਕੋਈ ਬੱਚਾ ਚਾਈਨਾ ਡੋਰ ਨਾਲ ਪਤੰਗ ਉਡਾਉਂਦਾ ਫੜਿਆ ਗਿਆ ਤਾਂ ਉਸ ਦੇ ਪਿਤਾ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਜਾਵੇਗਾ ਉਸ ਨੂੰ ਕੁਝ ਸਮਾ ਕੈਦ ਦੀ ਸਜਾ ਵੀ ਦਿੱਤੀ ਜਾਵੇਗੀ ।ਜੋ ਦੇਸ਼ ਦੀ ਮੌਜੂਦਾ ਹਾਲਤ ਬਣ ਚੁੱਕੀ ਹੈ ਇਸ ਤੋਂ ਬਿਨਾਂ ਹੋਰ ਕੋਈ ਹੱਲ ਨਹੀਂ ਹੋ ਸਕਦਾ ! ਆਸ ਹੈ ਕਿ ਕੇਂਦਰ ਦੀ ਸਰਕਾਰ ਬਿਨਾ ਕਿਸੇ ਦੇਰ ਦੇ ਇਹ ਹੁਕਮ ਪਾਸ ਕਰਕੇ ਸੂਬਿਆਂ ਦੀਆਂ ਸਰਕਾਰ ਨੂੰ ਤੁਰੰਤ ਅਮਲ ਵਿੱਚ ਲਿਆਉਣ ਲਈ ਆਦੇਸ਼ ਦੇਵੇਗੀ।ਇਹ ਹੱਲ ਦੇਸ਼,ਸੂਬਿਆਂ ਤੇ ਆਮ ਜੰਨਤਾ ਦੇ ਹਿੱਤ ਵਿੱਚ ਹੈ ਜਿਸ ਨਾਲ ਬੱਚਿਆਂ,ਪੰਛੀਆਂ ਤੇ ਜਾਨਵਰਾਂ ਦੀਆਂ ਜਾਨਾਂ ਬਚਾਈਆਂ ਜਾ ਸਕਦੀਆਂ ਹਨ।

PERSONAL CONTACT NOTICE

To,
Rupinder Kaur, daughter of Late Harbans Singh Sandhu
If you are reading this notice, please contact Rajdeep Singh regarding an important personal matter.
You may contact me at:Phone: 669-290-3084
Email: Rajdeepsinghpooni72@gmail.com
This notice is published solely to request contact.

Information in Public Interest

To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148


Arrested ?
DUI ?
Drug Charges ?
Gun Violation ?
Ghuman Law Group
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001


JVS LOGISTICS
2345 Enterprise Park Place Indianapolis Indiana, 46218
• ਇਥੇ ਸੈਮੀ ਟਰੱਕ ਟ੍ਰੇਲਰ ਦੀ ਮੁਰੰਮਤ ਕੀਤੀ ਜਾਂਦੀ ਹੈ
• ਇਥੇ ਅਸੀਂ Brakes, Drums, Tires, Radiators, Seals, Shocks, Air Bag ਵਰਗੀਆਂ ਸੇਵਾਵਾਂ ਦਿੰਦੇ ਹਾਂ
• ਸੇਮੀ ਟਰੱਕ ਅਤੇ ਟ੍ਰੇਲਰ ਦੀ ਪਾਰਕਿੰਗ lease ਤੇ ਲੈ ਸਕਦੇ ਹੋ
• ਕਰਾਸ ਡੌਕ ਸੇਵਾਵਾਂ
• ਲੋਡ ਟ੍ਰਾਂਸਫਰ ਅਤੇ ਰੀਸਟਾਕ ਕਰੋ
• ਟਿਲਟੇਡ ਪੈਲੇਟਸ ਨੂੰ ਸਿਧੇ ਕੀਤੇ ਜਾਂਦੇ ਹਨ
• ਖਿਲਰੇ ਹੋਏ ਲੋਡ ਨੂੰ ਰੀਸਟਾਕ ਕਰਵਾਓ
• ਇੰਡੀਆਨਾ ਏਰੀਏ 'ਚ ਲੋਡ ਡਿਲੇਵਰ ਕਰਵਾਓ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
jvslogisticsllc@outlook.com
JUGDEV SAMRA (317) 379-4065
SUKHDEV SAMRA (317) 250-3545
ਸਾਡੀ ਇਹ ਲੋਕੇਸ਼ਨ Near - Indianapolis Downtown on I-70, Exit 85B, Keystone Avenue


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com



REALTY
UNPLUGGED

# ਤੁਹਾਡੀਆਂ ਜੜ੍ਹਾਂ
# ਤੁਹਾਡਾ ਮੁਨਾਫ਼ਾ $

ਸਮਝਦਾਰ NRI ਪੰਜਾਬੀਆਂ ਨੇ 2024 ਵੱਚਿ ਭਾਰਤੀ ਰੀਅਲ ਅਸਟੇਟ ਵੱਚਿ **$13 ਬਲਿੀਅਨ** ਲਗਾਏ—ਕਉਿੰਕ ਿਉਹਨਾਂ ਨੂੰ ਪਤਾ ਸੀ:

**ਤੁਹਾਡਾ ਡਾਲਰ + ਭਾਰਤ ਦੀ ਤਰੱਕੀ = ਪੀੜ੍ਹੀਆਂ ਦੀ ਦੌਲਤ**

## ਜਦੋਂ ਤੁਹਾਡਾ ਡਾਲਰ ਬਾਹਰ 4% ਕਮਾਉਂਦਾ ਹੈ, ਭਾਰਤ 18-20% ਦੀਂਦਾ ਹੈ

- **7.2% GDP ਵਾਧਾ** - ਦੁਨੀਆਂ ਦੀ 3.1% ਨਾਲੋਂ ਦੁੱਗਣਾ ਤੇਜ਼
- **3.48 ਲੱਖ ਹੁਨਰਮੰਦ ਭਾਰਤੀ** 2024 ਵੱਚਿ ਵਾਪਸ ਆਏ
- **$70 ਬਲਿੀਅਨ+ ਵਦਿੇਸ਼ੀ ਨਵਿੇਸ਼** - ਦੁਨੀਆਂ ਦਾ ਭਰੋਸਾ ਭਾਰਤ ਉੱਤੇ

## ਤੁਹਾਡੇ ਲਈ ਨਵਿੇਸ਼ ਦੇ ਰਾਹ

| ਨਵਿੇਸ਼ ਦੀ ਕਸਿਮ | ਸਾਲਾਨਾ ਮੁਨਾਫ਼ਾ | ਕਸਿ ਲਈ ਢੁਕਵਾਂ |
|---|---|---|
| ਵਕਿਾਸਸ਼ੀਲ ਇਲਾਕਆਿਂ ਦੀ ਜ਼ਮੀਨ | 18-20% ਵਾਧਾ | ਲੰਮੀ ਮਆਿਦ ਦੀ ਦੌਲਤ |
| ਨਰਿਮਾਣ ਅਧੀਨ ਪ੍ਰੀਮੀਅਮ ਫਲੈਟ | 16-18% ਵਾਧਾ | ਪੂੰਜੀ ਵਾਧਾ |
| ਸਟੂਡੀਓ ਅਪਾਰਟਮੈਂਟ | 7-9% ਕਰਿਾਇਆ + 7-9% ਵਾਧਾ | ਨਯਿਮਤ ਆਮਦਨ |
| ਪ੍ਰੀ-ਲੀਜ਼ਡ ਕਮਰਸ਼ੀਅਲ | 6-8% ਕਰਿਾਇਆ + 6-8% ਵਾਧਾ | ਸੁਰੱਖਅਿਤ ਨਵਿੇਸ਼ |

**ਨਵਿੇਸ਼ ਸੀਮਾ:** $100,000 ਤੋਂ $1,000,000 ਤੱਕ — ਸਮੇਂ ਦੀ ਕੋਈ ਪਾਬੰਦੀ ਨਹੀ।

## 147 NRI ਪਰਵਿਾਰਾਂ ਦਾ ਭਰੋਸਾ - Realty Unplugged

**ਸਾਡੇ ਸਫਲਤਾ ਦੇ ਕੱਿਸੇ:**

**2017 ਗੁੜਗਾਂਵ:**
**7 ਸਾਲਾਂ ਵੱਿਚ 3 ਗੁਣਾ ਮੁਨਾਫ਼ਾ**

**2020 ਚੰਡੀਗੜ੍ਹ:**
**4 ਸਾਲਾਂ ਵੱਿਚ ਦੁੱਗਣਾ ਵਾਧਾ**

**2022 ਪੁਣੇ:**
**2 ਸਾਲਾਂ ਵੱਿਚ 58% ਵਾਧਾ**

**ਆਪਣੇ ਭਵੱਿਖ ਨੂੰ ਸੁਰੱਖਅਿਤ ਕਰੋ - ਅੱਜ ਹੀ!**
**Call : +91 73038-88722**
**Subhiney Chabra : +91 97802-06080**

Let's Start!

**ਤੁਸੀ ਅਮਰੀਕਾ ਵੱਚਿ । ਤੁਹਾਡੀ ਜਾਇਦਾਦ ਭਾਰਤ ਵੱਚਿ ।**
**ਅਸੀ ਤੁਹਾਡੀਆਂ ਅੱਖਾਂ, ਹੱਥ ਅਤੇ ਕਾਨੂੰਨੀ ਢਾਲ।**


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and Post Cards to promote your business
BUSINESS CARD DESIGN
WE DESIGN YOUR BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
For more information call
Boota Singh Basi +1 (209) 303-1260

# ਮਹਾਰਾਜਾ ਰਣਜੀਤ ਸਿੰਘ ਪ੍ਰੈਪਰੇਟਰੀ ਇੰਸਟੀਚਿਊਟ ਦੇ 11 ਕੈਡਿਟ ਦੀ ਐਨ.ਡੀ.ਏ ਅਤੇ ਹੋਰ ਪ੍ਰਮੁੱਖ ਰੱਖਿਆ ਸਿਖਲਾਈ ਅਕੈਡਮੀਆਂ ਲਈ ਚੋਣ

ਮੋਹਾਲੀ
ਸਾਂਝੀ ਸੋਚ ਬਿਊਰੋ

ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ, ਐਸਏਐਸ ਨਗਰ ਦੇ 11 ਕੈਡਿਟਾਂ ਨੇ ਪਿਛਲੇ ਇੱਕ ਮਹੀਨੇ ਦੌਰਾਨ ਵੱਕਾਰੀ ਨੈਸ਼ਨਲ ਡਿਫੈਂਸ ਅਕੈਡਮੀ (ਐਨਡੀਏ) ਅਤੇ ਹੋਰ ਪ੍ਰਮੁੱਖ ਰੱਖਿਆ ਸਿਖਲਾਈ ਅਕੈਡਮੀਆਂ ਵਿੱਚ ਦਾਖਲਾ ਪ੍ਰਾਪਤ ਕੀਤਾ ਹੈ।ਪੰਜਾਬ ਦੇ ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਇਹ ਪ੍ਰਾਪਤੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਹਥਿਆਰਬੰਦ ਸੈਨਾਵਾਂ ਵਿੱਚ ਭਰਤੀ ਹੋਣ ਲਈ ਨੌਜਵਾਨ ਪ੍ਰਤਿਭਾ ਨੂੰ ਨਿਖਾਰਨ ਪ੍ਰਤੀ ਵਚਨਬੱਧਤਾ ਨੂੰ ਉਜਾਗਰ ਕਰਦੀ ਹੈ। ਉਨ੍ਹਾਂ ਕਿਹਾ ਕਿ ਇਸ ਸੰਸਥਾ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਕੁੱਲ 289 ਕੈਡੇਟ ਵੱਖ-ਵੱਖ ਰੱਖਿਆ ਸਿਖਲਾਈ ਅਕੈਡਮੀਆਂ ਵਿੱਚ ਸ਼ਾਮਲ ਹੋਏ ਹਨ।ਕੈਡਿਟਾਂ ਨੂੰ ਸਿਖਲਾਈ ਅਕੈਡਮੀਆਂ ਵਿੱਚ ਚੋਣ 'ਤੇ ਵਧਾਈ ਦਿੰਦਿਆਂ, ਸ੍ਰੀ ਅਮਨ ਅਰੋੜਾ ਨੇ ਕੈਡਿਟਾਂ ਦੀ ਭਵਿੱਖ ਵਿੱਚ ਸਫਲਤਾ ਦੀ ਕਾਮਨਾ ਕੀਤੀ ਅਤੇ ਉਨ੍ਹਾਂ ਨੂੰ ਸਖ਼ਤ ਮਿਹਨਤ ਕਰਨ ਅਤੇ ਮਿਸਾਲੀ ਅਧਿਕਾਰੀ ਬਣਨ ਲਈ ਉਤਸ਼ਾਹਿਤ ਕੀਤਾ।ਅਰੋੜਾ ਨੇ ਕਿਹਾ ਕਿ ਅੱਠ ਕੈਡਿਟਾਂ ਨੇ ਐਨਡੀਏ ਦੇ 155ਵੇਂ ਕੋਰਸ ਲਈ ਚੋਣ ਹੋਈ ਹੈ, ਜਿਨ੍ਹਾਂ ਵਿੱਚ ਲੁਧਿਆਣਾ ਤੋਂ ਵਿਸ਼ਵਰੂਪ ਸਿੰਘ ਗਰੇਵਾਲ ਅਤੇ ਭਾਸਕਰ ਜੈਨ,ਪਟਿਆਲਾ ਤੋਂ ਅਪਾਰਦੀਪ ਸਿੰਘ ਸਾਹਨੀ, ਪਠਾਨਕੋਟ ਤੋਂ ਪਰਮਦੀਪ ਸਿੰਘ, ਬਠਿੰਡਾ ਤੋਂ ਰੇਹਾਨ ਯਾਦਵ, ਸੰਗਰੂਰ ਤੋਂ ਸੁਖਪ੍ਰੀਤ ਸਿੰਘ, ਜਲੰਧਰ ਤੋਂ ਪ੍ਰਿੰਸ ਕੁਮਾਰ ਦੂਬੇ ਅਤੇ ਸ਼ੌਰਿਆ ਵਰਧਨ ਸਿੰਘ ਸ਼ਾਮਲ ਹਨ। ਰੋਪੜ ਜ਼ਿਲ੍ਹੇ ਦੇ ਕੈਡਿਟ ਗੁਰਕੀਰਤ ਸਿੰਘ ਦੀ ਇੰਡੀਅਨ ਨੇਵਲ ਅਕੈਡਮੀ (ਆਈਐਨਏ) ਦੇ 117ਵੇਂ ਕੋਰਸ ਵਿੱਚ ਸਿਲੈਕਸ਼ਨ ਹੋਈ ਹੈ। ਇਸ ਤੋਂ ਇਲਾਵਾ, ਬਠਿੰਡਾ ਦੇ ਗੁਰਨੂਰ ਸਿੰਘ ਦੀ ਮਿਲਟਰੀ ਕਾਲਜ ਆਫ਼ ਇਲੈਕਟ੍ਰਾਨਿਕਸ ਐਂਡ ਮਕੈਨੀਕਲ ਇੰਜੀਨੀਅਰਿੰਗ (ਐਮਸੀਈਐਮਈ) ਸਿਕੰਦਰਾਬਾਦ ਵਿਖੇ ਕੈਡੇਟਸ ਟ੍ਰੇਨਿੰਗ ਵਿੰਗ (ਸੀਟੀਡਬਲਯੂ) ਵਿੱਚ ਚੋਣ ਹੋਈ ਹੈ, ਜਦੋਂ ਕਿ ਜਲੰਧਰ ਦਾ ਆਕਾਸ਼ ਸਿੰਘ ਕੁਸ਼ਵਾਹਾ ਤਕਨੀਕੀ ਐਂਟਰੀ ਸਕੀਮ (ਟੀਈਐਸ)-54 ਕੋਰਸ ਲਈ ਮਿਲਟਰੀ ਕਾਲਜ ਆਫ਼ ਟੈਲੀਕਮਿਊਨੀਕੇਸ਼ਨ ਇੰਜੀਨੀਅਰਿੰਗ (ਐਮਸੀਟੀਈ) ਮਹੂ ਵਿਖੇ ਸੀਟੀਡਬਲਯੂ ਵਿੱਚ ਸ਼ਾਮਲ ਹੋਏ। ਗੁਰਨੂਰ ਸਿੰਘ ਨੇ ਤਕਨੀਕੀ ਐਂਟਰੀ ਸਕੀਮ (ਟੀਈਐਸ)-54 ਕੋਰਸ ਲਈ ਦੇਸ਼ ਭਰ ਵਿੱਚੋਂ 15ਵਾਂ ਰੈਂਕ ਪ੍ਰਾਪਤ ਕੀਤਾ ਹੈ।



# ਦਸਮੇਸ਼ ਵਿੱਦਿਅਕ ਸੰਸਥਾਵਾਂ ਮਹਿਤਾ ਚੌਕ ਵਿੱਚ ਬੜੀ ਧੂਮ ਧਾਮ ਨਾਲ ਮਨਾਇਆ ਗਿਆ ਬਸੰਤ ਪੰਚਮੀ ਦਾ ਤਿਉਹਾਰ

ਬਾਬਾ ਬਕਾਲਾ
ਬਲਰਾਜ ਸਿੰਘ ਰਾਜਾ

ਦਸ਼ਮੇਸ਼ ਵਿਦਿਅਕ ਸੰਸਥਾਵਾਂ ਅਧੀਨ ਚੱਲ ਰਹੇ ਦਸ਼ਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਅਤੇ ਦਸ਼ਮੇਸ਼ ਹੈਰੀਟੇਜ ਪਬਲਿਕ ਸਕੂਲ ਦੇ ਸਾਂਝੇ ਉਪਰਾਲੇ ਨਾਲ ਬਸੰਤ ਪੰਚਮੀ ਤਿਉਹਾਰ ਨੂੰ ਮੁੱਖ ਰੱਖਦੇ ਹੋਏ ਸਕੂਲ ਵਿੱਚ ਇੱਕ ਰੰਗਾ-ਰੰਗ ਕਾਰਨੀਵਲ ਦਾ ਆਯੋਜਨ ਕੀਤਾ ਗਿਆ। ਇਸ ਕਾਰਨੀਵਲ ਵਿੱਚ ਮਾਪਿਆਂ ਅਤੇ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ।ਕਾਰਨੀਵਲ ਦੌਰਾਨ ਮਿੱਕੀ ਮਾਊਸ, ਡਰੈਗਨ ਰਾਈਡ, ਟਰੈਪੋਲੀਨ ਪਾਰਕ ਉੱਪਰ ਰਾਈਡਸ ਲੈ ਕੇ ਬੱਚਿਆਂ ਨੇ ਖੂਬ ਆਨੰਦ ਮਾਣਿਆ।

ਜਿਸ ਨੂੰ ਦੇਖ ਕੇ ਬੱਚਿਆਂ ਦੇ ਮਾਪਿਆਂ ਦੇ ਚਿਹਰੇ ਤੇ ਖੁਸ਼ੀ ਦੀ ਲਹਿਰ ਨਜ਼ਰ ਆਈ। ਇਸ ਤੋਂ ਇਲਾਵਾ ਖਾਣ ਪੀਣ ਦੇ ਫੂਡ ਸਟਾਲ ਬੱਚਿਆਂ ਤੇ ਮਾਪਿਆਂ ਲਈ ਖਿੱਚ ਦਾ ਕੇਂਦਰ ਬਣੇ। ਸਕੂਲ ਮੈਨੇਜਮੈਂਟ ਨੇ ਇਸ ਮੌਕੇ 'ਤੇ ਕਿਹਾ ਕਿ ਇਸ ਤਰ੍ਹਾਂ ਦੇ ਆਯੋਜਨ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਬਹੁਤ ਮਹੱਤਵਪੂਰਨ ਹਨ। ਸਾਰੇ ਮਾਪਿਆਂ ਨੇ ਇਸ ਸਫਲ ਆਯੋਜਨ ਲਈ ਸਕੂਲ ਮੈਨੇਜਮੈਂਟ ਅਤੇ ਅਧਿਆਪਕਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ। ਇਸ ਮੌਕੇ ਤੇ ਸੰਸਥਾ ਦੇ ਚੇਅਰਮੈਨ ਗੁਰਦੀਪ ਸਿੰਘ ਰੰਧਾਵਾ ਨੇ ਮਾਪਿਆਂ ਨੂੰ ਸਕੂਲ ਪਹੁੰਚਣ ਤੇ ਜੀ ਆਇਆ ਆਖਿਆ ਤੇ ਉਹਨਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ। ਇਸ ਮੌਕੇ 'ਤੇ ਪ੍ਰਿੰਸੀਪਲ ਮੈਡਮ ਗੁਰਬੀਰ ਕੌਰ, ਲਕਸ਼ਮਣ ਸਿੰਘ ਰਾਵਤ ਡਾਇਰੈਕਟਰ ਦਸ਼ਮੇਸ਼ ਵਿਦਿਅਕ ਸੰਸਥਾਵਾਂ, ਹਰਪ੍ਰੀਤ ਕੌਰ, ਮੈਡਮ ਰਵਿੰਦਰ ਕੌਰ, ਅੰਮ੍ਰਿਤਪਾਲ ਸਿੰਘ ਅਤੇ ਮੈ.ਸੁਧਾ ਸ਼ਰਮਾ, ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।




# ਬਾਰਡਰ ਗਸ਼ਤੀ ਦਲ ਦੇ ਅਫ਼ਸਰ ਵੱਲੋਂ ਗੋਲੀਬਾਰੀ ਵਿੱਚ ਇੱਕ ਮੌਤ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ

ਮਿਨੀਆਪੋਲਿਸ ਵਿੱਚ ਬਾਰਡਰ ਗਸ਼ਤੀ ਦਲ ਦੇ ਇੱਕ ਅਫਸਰ ਵੱਲੋਂ ਇਮੀਗ੍ਰੇਸ਼ਨ ਇਨਫੋਰਸਮੈਂਟ ਕਾਰਵਾਈ ਦੌਰਾਨ ਚਲਾਈ ਗੋਲੀ ਨਾਲ ਇੱਕ ਵਿਅਕਤੀ ਦੀ ਮੌਤ ਹੋਣ ਦੀ ਖਬਰ ਹੈ। ਇਸ ਘਟਨਾ ਉਪਰੰਤ ਸਥਾਨਕ ਲੋਕਾਂ ਵੱਲੋਂ ਪ੍ਰਦਰਸ਼ਨ ਕੀਤਾ ਗਿਆ।

ਜਿਸ ਦੌਰਾਨ ਮੰਗ ਕੀਤੀ ਗਈ ਕਿ ਇਮੀਗ੍ਰੇਸ਼ਨ ਕਾਰਵਾਈ ਬੰਦ ਕੀਤੀ ਜਾਵੇ। ਹੋਮਲੈਂਡ ਸਕਿਉਰਿਟੀ ਵਿਭਾਗ ਨੇ ਕਿਹਾ ਹੈ ਕਿ ਗੋਲੀਬਾਰੀ ਦੀ ਘਟਨਾ ਸਵੇਰ ਵੇਲੇ ਵਾਪਰੀ ਜਦੋਂ ਬਾਰਡਰ ਗਸ਼ਤੀ ਦਲ ਇਮੀਗ੍ਰੇਸ਼ਨ ਤਲਾਸ਼ੀਆਂ ਦੌਰਾਨ ਕਾਰਵਾਈ ਕਰ ਰਿਹਾ ਸੀ। ਸੰਘੀ ਅਫਸਰਾਂ ਅਨੁਸਾਰ ਇਕ ਵਿਅਕਤੀ ਜਿਸ ਕੋਲ ਗੰਨ ਸੀ, ਅਫਸਰਾਂ ਵੱਲ ਆਉਂਦਾ ਦਿਸਿਆ ਜਿਸ 'ਤੇ ਆਪਣੇ ਬਚਾਅ ਲਈ ਇੱਕ ਅਫਸਰ ਨੇ ਗੋਲੀ ਚਲਾ ਦਿੱਤੀ। ਮਿਨੀਆਪੋਲਿਸ ਪੁਲਿਸ ਮੁਖੀ ਬਰੀਅਨ ਓ ਹਾਰਾ ਨੇ ਕਿਹਾ ਹੈ ਕਿ ਮਾਰਿਆ ਗਿਆ ਵਿਅਕਤੀ ਗੋਰਾ ਹੈ ਤੇ ਉਹ ਅਮਰੀਕੀ ਸ਼ਹਿਰੀ ਹੈ। ਉਸ ਕੋਲ ਹੱਥਿਆਰ ਰੱਖਣ ਦਾ ਪਰਮਿਟ ਵੀ ਹੈ। ਉਸ ਦੀ ਪਛਾਣ ਐਲਕਸ ਪਰੈਟੀ ਵਜੋਂ ਹੋਈ ਹੈ। ਸੰਘੀ ਅਫਸਰਾਂ ਸਥਾਨਕ ਵਾਸੀਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਘਟਨਾ ਵਾਲੇ ਖੇਤਰ ਤੋਂ ਦੂਰ ਰਹਿਣ। ਇਸ ਦੌਰਾਨ ਹੋਮਲੈਂਡ ਸਕਿਉਰਿਟੀ ਵਿਭਾਗ ਦੀ ਸਕੱਤਰ ਕ੍ਰਿਸਟੀ ਨੋਏਮ ਨੇ ਕਿਹਾ ਹੈ ਕਿ ਉਹ ਵਾਈਟ ਹਾਊਸ ਦੇ ਇਸ ਤਰਕ ਨਾਲ ਸਹਿਮਤ ਹੈ ਕਿ ਪਰੈਟੀ ਘਰੇਲੂ ਦਹਿਸ਼ਤਵਾਦ ਵਿੱਚ ਸ਼ਾਮਿਲ ਸੀ।

# ਚੀਨ ਨਾਲ ਵਪਾਰ ਕੀਤਾ ਤਾਂ ਕੈਨੇਡਾ 'ਤੇ ਲੱਗੇਗਾ 100 ਫੀਸਦੀ ਟੈਕਸ- ਟਰੰਪ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ

ਰਾਸ਼ਟਰਪਤੀ ਡੋਨਲਡ ਟਰੰਪ ਨੇ ਕੈਨੇਡਾ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਸ ਨੇ ਚੀਨ ਨਾਲ ਵਪਾਰ ਕੀਤਾ ਤਾਂ ਉਸ ਵੱਲੋਂ ਅਮਰੀਕਾ ਨੂੰ ਭੇਜੇ ਜਾਂਦੇ ਸਮਾਨ ਉਪਰ 100 ਫੀਸਦੀ ਟੈਕਸ ਲਾ ਦਿੱਤਾ ਜਾਵੇਗਾ। ਟਰੰਪ ਨੇ ਕਿਹਾ ਹੈ ਕਿ ਜੇਕਰ ਪ੍ਰਧਾਨ ਮੰਤਰੀ ਮਾਰਕ ਕਾਰਨੀ ਕੈਨੇਡਾ ਨੂੰ ਚੀਨ ਦੀ 'ਬੰਦਰਗਾਹ' ਬਣਾਉਣ ਬਾਰੇ ਸੋਚ ਰਹੇ ਹਨ ਤਾਂ ਉਹ ਗਲਤੀ 'ਤੇ ਹਨ। ਟਰੰਪ ਨੇ ਟਰੁੱਥ ਸੋਸ਼ਲ ਉਪਰ ਲਿਖਿਆ ਹੈ ਚੀਨ ਕੈਨੇਡਾ ਨੂੰ ਜੀਂਦਾ ਹੀ ਖਾਹ ਜਾਵੇਗਾ, ਉਸ ਦਾ ਕਾਰੋਬਾਰ ਤਬਾਹ ਕਰ ਦੇਵੇਗਾ। ਟਰੰਪ ਨੇ ਲਿਖਿਆ ਆਖਰੀ ਗੱਲ ਚੀਨ ਕੈਨੇਡਾ ਉਪਰ ਕਾਬਜ ਹੋ ਜਾਵੇਗਾ,ਅਜਿਹਾ ਹੋਣ ਵਾਲਾ ਨਹੀਂ ਹੈ। ਟਰੰਪ ਦਾ ਇਹ ਬਿਆਨ ਉਸ ਦਾ ਯੂ ਟਰਨ ਹੈ ਕਿਉਂਕਿ ਇਸ ਤੋਂ ਪਹਿਲਾਂ ਟਰੰਪ ਨੇ ਕਿਹਾ ਸੀ ਕਿ ਜੇਕਰ ਕਾਰਨੀ ਚੀਨ ਨਾਲ ਵਪਾਰ ਕਰਨ ਜਾ ਰਹੇ ਤਾਂ ਇਹ ਵਧੀਆ ਗੱਲ ਹੈ।

# ਵਿਜੀਲੈਂਸ ਬਿਊਰੋ ਵੱਲੋਂ ਜੰਗਲਾਤ ਗਾਰਡ ਅਤੇ ਦਿਹਾੜੀਦਾਰ 20,000 ਰੁਪਏ ਰਿਸ਼ਵਤ ਲੈਂਦੇ ਰੰਗੇ ਹੱਥੀਂ ਕਾਬੂ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਜੰਗਲਾਤ ਗਾਰਡ ਕੁਲਦੀਪ ਸਿੰਘ ਅਤੇ ਦਿਹਾੜੀਦਾਰ ਦਰਸ਼ਨ ਸਿੰਘ ਮੇਟ ਨੂੰ 20000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਦੋਵੇਂ ਦੋਸ਼ੀ ਵਣ ਰੇਂਜ ਦਫ਼ਤਰ ਨਕੋਦਰ, ਜ਼ਿਲ੍ਹਾ ਜਲੰਧਰ ਵਿਖੇ ਤਾਇਨਾਤ ਸਨ।ਇਸ ਬਾਰੇ ਹੋਰ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਦੋਸ਼ੀ ਨੂੰ ਪਿੰਡ ਸੰਘੋਵਾਲ, ਸਬ ਤਹਿਸੀਲ ਮਹਿਤਪੁਰ, ਜ਼ਿਲ੍ਹਾ ਜਲੰਧਰ ਦੇ ਇੱਕ ਨਿਵਾਸੀ ਦੁਆਰਾ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਮਜ਼ਦੂਰ ਵਜੋਂ ਕੰਮ ਕਰਦਾ ਹੈ ਅਤੇ ਜਦੋਂ ਸ਼ਿਕਾਇਤਕਰਤਾ ਦਾ ਘਰੇਲੂ ਗੈਸ ਸਿਲੰਡਰ ਖਤਮ ਹੋ ਗਿਆ, ਤਾਂ ਉਹ ਘਰੇਲੂ ਵਰਤੋਂ ਲਈ ਮਹਿਤਪੁਰ-ਜਗਰਾਉਂ ਸੜਕ ਦੇ ਕਿਨਾਰੇ ਦਰੱਖਤਾਂ ਤੋਂ ਲੱਕੜ ਦੇ ਛੋਟੇ ਟੁਕੜੇ ਇਕੱਠੇ ਕਰ ਰਿਹਾ ਸੀ। ਉਸ ਸਮੇਂ ਦੋਵੇਂ ਦੋਸ਼ੀ



ਜੰਗਲਾਤ ਗਾਰਡ ਕੁਲਦੀਪ ਸਿੰਘ ਅਤੇ ਦਿਹਾੜੀਦਾਰ ਦਰਸ਼ਨ ਸਿੰਘ ਮੇਟ ਮੌਕੇ 'ਤੇ ਪਹੁੰਚੇ ਅਤੇ ਸ਼ਿਕਾਇਤਕਰਤਾ ਨੂੰ ਕਿਹਾ ਕਿ ਉਸ ਵਿਰੁੱਧ ਸਰਕਾਰੀ ਲੱਕੜ ਚੋਰੀ ਦਾ ਮਾਮਲਾ ਦਰਜ ਕੀਤਾ ਜਾਵੇਗਾ ਅਤੇ ਉਸ ਦਾ ਮੋਟਰਸਾਈਕਲ ਆਪਣੀ ਹਿਰਾਸਤ ਵਿੱਚ ਲੈ ਲਿਆ।

ਬੁਲਾਰੇ ਨੇ ਅੱਗੇ ਕਿਹਾ ਕਿ ਸ਼ਿਕਾਇਤਕਰਤਾ ਨੇ ਦਰਸ਼ਨ ਸਿੰਘ ਮੇਟ ਨਾਲ ਸੰਪਰਕ ਕੀਤਾ ਅਤੇ ਫਿਰ ਦਰਸ਼ਨ ਸਿੰਘ ਨੇ ਉਸਨੂੰ ਦੱਸਿਆ ਕਿ ਕੁਲਦੀਪ ਸਿੰਘ ਸ਼ਿਕਾਇਤਕਰਤਾ ਦਾ ਮੋਟਰਸਾਈਕਲ ਛੱਡਣ ਬਦਲੇ 20000 ਰੁਪਏ ਦੀ ਮੰਗ ਕਰ ਰਿਹਾ ਹੈ। ਸ਼ਿਕਾਇਤਕਰਤਾ ਵੱਲੋਂ ਵਾਰ-ਵਾਰ ਬੇਨਤੀ ਕਰਨ ਦੇ ਬਾਵਜੂਦ, ਦੋਸ਼ੀ ਦਰਸ਼ਨ ਸਿੰਘ, ਕੁਲਦੀਪ ਸਿੰਘ ਲਈ ਮੰਗੀ ਗਈ ਰਿਸ਼ਵਤ ਦੀ ਰਕਮ ਦੀ ਮੰਗ ਕਰਦਾ ਰਿਹਾ। ਸ਼ਿਕਾਇਤਕਰਤਾ ਨੇ 20000 ਰੁਪਏ ਦੀ ਰਿਸ਼ਵਤ ਦੀ ਮੰਗ ਸਬੰਧੀ ਗੱਲਬਾਤ ਰਿਕਾਰਡ ਕਰ ਲਈ।

ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ, ਵਿਜੀਲੈਂਸ ਬਿਊਰੋ ਦੀ ਟੀਮ ਨੇ ਇੱਕ ਜਾਲ ਵਿਛਾਇਆ ਜਿਸ ਦੌਰਾਨ ਦੋਵਾਂ ਮੁਲਜ਼ਮਾਂ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 20000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ ਗਿਆ।ਇਸ ਸਬੰਧੀ ਵਿਜੀਲੈਂਸ ਬਿਊਰੋ ਥਾਣਾ ਜਲੰਧਰ ਵਿਖੇ ਮੁਲਜ਼ਮ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

**Sizes available in drive & trailer**

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES · GOODYEAR · KELLY TIRES · BARKLEY (Feel the difference) · PIRELLI
MICHELIN (A better way forward) · BRIDGESTONE · Firestone · YOKOHAMA
PEARLY · NAMA · TOYO TIRES (driven to perform) · Continental · DUNLOP TIRES

## S. Singh Cell: (510) 766-9382

**2955 N. Wilson Way Stockton , CA 95205**


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD, SACRAMENTO, CA 95841 +1-917-915-4142
FREMONT, CA
3155 KEARNEY ST, SUITE #248, FREMONT, CA 94538 +1-510-657-6444
NEW YORK, NY
108-14 JAMAICA AVENUE, RICHMOND HILL, NY 11418 +1-718-533-8444
FRESNO, CA
1625 E SHAW AVE #122, FRESNO, CA 93711 +1-559-271-5511
NEW JERSEY, NJ
2060 OAK TREE ROAD #1, EDISON, NEW JERSEY, 08820 +1-732-453-6699
LOS ANGELES, CA
1013 N BEGONIA AVE, ONTARIO, CA 91762 +1-917-915-4142
CONTACT
+1-917-915-4142
Jaspreetsinghlaoffice@gmail.com


ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307

# ਆਲ ਇੰਡੀਆ ਸਿਵਲ ਸਰਵਿਸਜ਼ ਹਾਕੀ, ਬਾਸਕਿਟਬਾਲ, ਚੈੱਸ ਅਤੇ ਕ੍ਰਿਕਟ ਟੂਰਨਾਮੈਂਟ ਲਈ ਪੰਜਾਬ ਦੀਆਂ ਟੀਮਾਂ ਦੇ ਟਰਾਇਲ 29 ਜਨਵਰੀ ਨੂੰ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਸੈਂਟਰਲ ਸਿਵਲ ਸਰਵਿਸਿਜ਼ ਕਲਚਰਲ ਐਂਡ ਬੋਰਡ ਵੱਲੋਂ ਆਲ ਇੰਡੀਆ ਸਿਵਲ ਸਰਵਿਸਜ਼ ਹਾਕੀ, ਬਾਸਕਿਟਬਾਲ, ਚੈੱਸ (ਪੁਰਸ਼ ਤੇ ਮਹਿਲਾ) ਅਤੇ ਕ੍ਰਿਕਟ (ਮੈਨ) ਟੂਰਨਾਮੈਂਟ 17 ਤੋਂ 28 ਫਰਵਰੀ, 2026 ਤੱਕ ਦਿੱਲੀ ਵਿਖੇ ਕਰਵਾਇਆ ਜਾ ਰਿਹਾ ਹੈ। ਇਨ੍ਹਾਂ ਟੂਰਨਾਮੈਂਟਾਂ ਵਿੱਚ ਪੰਜਾਬ ਦੇ ਖਿਡਾਰੀਆਂ ਦੀ ਸਿਲੈਕਸ਼ਨ ਲਈ ਟਰਾਇਲ 29 ਜਨਵਰੀ, 2026 ਨੂੰ ਸਵੇਰੇ 11 ਵਜੇ ਲਏ ਜਾਣਗੇ। ਪੁਰਸ਼ ਅਤੇ ਮਹਿਲਾ ਦੀਆਂ ਹਾਕੀ ਦੀਆਂ ਟੀਮਾਂ ਲਈ ਟਰਾਈਲ ਸੁਰਜੀਤ ਹਾਕੀ ਸਟੇਡੀਅਮ ਜਲੰਧਰ ਵਿਖੇ ਜਦਕਿ ਬਾਸਕਟਬਾਲ ਅਤੇ ਚੈੱਸ ਦੀਆਂ ਟੀਮਾਂ ਲਈ ਗੁਰੂ ਨਾਨਕ ਸਟੇਡੀਅਮ ਲੁਧਿਆਣਾ ਵਿਖੇ ਲਏ ਜਾਣਗੇ। ਇਸੇ ਤਰ੍ਹਾਂ ਪੁਰਸ਼ ਕ੍ਰਿਕਟ ਦੀਆਂ ਟੀਮਾਂ ਲਈ ਟਰਾਈਲ ਪ੍ਰੈਕਟਿਸ ਗਰਾਊਂਡ, ਪੀਸੀਏ ਸਟੇਡੀਅਮ, ਸੈਕਟਰ-63, ਐਸਏਐਸ ਨਗਰ ਵਿਖੇ ਲਏ ਜਾਣਗੇ। ਖੇਡ ਵਿਭਾਗ ਦੇ ਬੁਲਾਰੇ ਨੇ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਟਰਾਇਲਾਂ ਵਿੱਚ ਸੁਰੱਖਿਆ ਸੇਵਾਵਾਂ, ਨੀਮ ਸੁਰੱਖਿਆ ਸੰਸਥਾਵਾਂ, ਕੇਂਦਰੀ ਪੁਲਿਸ ਸੰਸਥਾਵਾਂ, ਪੁਲਿਸ, ਆਰਪੀਐਫ, ਸੀਆਈਐਸਐਫ, ਬੀਐਸ.ਐਫ, ਆਈਟੀਬੀਪੀ ਅਤੇ ਐਨਐਸਜੀ ਆਦਿ ਦੇ ਕਰਮਚਾਰੀ, ਖੁਦਮੁਖਤਿਆਰ ਧਿਰਾਂ, ਅੰਡਰਟੇਕਿੰਗ, ਜਨਤਕ ਖੇਤਰ ਦੇ ਬੈਂਕ ਇੱਥੋਂ ਤੱਕ ਕਿ ਕੇਂਦਰੀ ਮੰਤਰਾਲੇ ਵਲੋਂ ਸੰਚਾਲਿਤ ਬੈਂਕ ਵੀ, ਕੱਚੇ, ਦਿਹਾੜੀਦਾਰ ਵਾਲੇ ਕਰਮੀ, ਦਫਤਰਾਂ ਵਿੱਚ ਆਰਜ਼ੀ ਤੌਰ 'ਤੇ ਕੰਮ ਕਰਦੇ ਕਰਮਚਾਰੀ, ਨਵੇਂ ਭਰਤੀ ਹੋਏ ਕਰਮਚਾਰੀ ਜੋ 6 ਮਹੀਨੇ ਤੋਂ ਘੱਟ ਸਮੇਂ ਤੋਂ ਰੈਗੂਲਰ ਸੇਵਾਵਾਂ ਵਿੱਚ ਕੰਮ ਕਰਦੇ ਹਨ, ਨੂੰ ਛੱਡ ਕੇ ਬਾਕੀ ਵੱਖ-ਵੱਖ ਵਿਭਾਗਾਂ ਦੇ ਸਰਕਾਰੀ ਮੁਲਾਜ਼ਮ (ਰੈਗੂਲਰ) ਆਪਣੇ ਵਿਭਾਗਾਂ ਪਾਸੋਂ ਐਨਓਸੀ ਪ੍ਰਾਪਤ ਕਰਨ ਉਪਰੰਤ ਹੀ ਭਾਗ ਲੈ ਸਕਦੇ ਹਨ। ਇਸ ਟੂਰਨਾਮੈਂਟ ਵਿੱਚ ਆਉਣ-ਜਾਣ, ਰਹਿਣ ਅਤੇ ਖਾਣ-ਪੀਣ ਤੇ ਆਉਣ ਵਾਲੇ ਖਰਚੇ ਦੀ ਅਦਾਇਗੀ ਖਿਡਾਰੀ ਵੱਲੋਂ ਨਿੱਜੀ ਤੌਰ ਉਤੇ ਕੀਤੀ ਜਾਵੇਗੀ।

# 'ਯੁੱਧ ਨਸ਼ਿਆਂ ਵਿਰੁੱਧ' ਦੇ 332ਵੇਂ ਦਿਨ ਪੰਜਾਬ ਪੁਲਿਸ ਵੱਲੋਂ 2.1 ਕਿਲੋ ਹੈਰੋਇਨ ਸਮੇਤ 42 ਨਸ਼ਾ ਤਸਕਰ ਕਾਬੂ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ




ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਵਿੱਢੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਦੇ 332ਵੇਂ ਦਿਨ ਪੰਜਾਬ ਪੁਲਿਸ ਨੇ ਅੱਜ 334 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਉਪਰੰਤ ਸੂਬੇ ਭਰ ਵਿੱਚ 35 ਐਫਆਈਆਰਜ਼ ਦਰਜ ਕਰਕੇ 42 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਨਾਲ 332 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 46,606 ਹੋ ਗਈ ਹੈ। ਇਨ੍ਹਾਂ ਛਾਪਿਆਂ ਦੇ ਵਜੋਂ ਛਾਪੇਮਾਰੀ ਦੌਰਾਨ ਫੜੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ 'ਚੋਂ 2.1 ਕਿਲੋ ਹੈਰੋਇਨ ਅਤੇ 25,400 ਰੁਪਏ ਦੀ ਡਰੱਗ ਮਨੀ ਬਰਾਮਦ ਹੋਈ ਹੈ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ।

ਇਸ ਆਪ੍ਰੇਸ਼ਨ ਦੌਰਾਨ 68 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 900 ਤੋਂ ਵੱਧ ਪੁਲਿਸ ਕਰਮਚਾਰੀਆਂ ਵਾਲੀਆਂ 120 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 334 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 353 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ ਹੈ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ ਅੱਜ 16 ਵਿਅਕਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਹੈ। ਵਿਸ਼ੇਸ਼ ਡੀਜੀਪੀ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ 'ਗੈਂਗਸਟਰਾਂ 'ਤੇ ਵਾਰ' ਫ਼ੈਸਲਾਕੁੰਨ ਜੰਗ ਜਾਰੀ ਹੈ ਅਤੇ ਇਸ ਦੇ 8ਵੇਂ ਦਿਨ ਸੂਬੇ ਭਰ ਵਿੱਚ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕੀਤੀ ਗਈ। ਕਈ ਸ਼ੱਕੀ ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ ਅਤੇ ਅਗਲੇਰੀ ਜਾਂਚ ਜਾਰੀ ਹੈ।

# ਮਹਾਂਰਾਸ਼ਟਰ ਸਰਕਾਰ ਆਪਣੇ ਸਕੂਲੀ ਸਿਲੇਬਸ ਵਿੱਚ ਵੀ ਸਿੱਖ ਗੁਰੂ ਸਾਹਿਬਾਨ ਦਾ ਇਤਿਹਾਸ ਸ਼ਾਮਿਲ ਕਰ ਰਹੀ ਹੈ- ਦੇਵੇਂਦਰ ਫੜਨਵੀਸ

ਨਾਂਦੇੜ
ਸਾਂਝੀ ਸੋਚ ਬਿਊਰੋ



ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਸਮਾਗਮ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਮਹਾਂਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਨੂੰ ਸਿਜਦਾ ਕਰਦਿਆਂ ਕਿਹਾ ਕਿ ਇਹ ਗੱਲ ਬਿਲਕੁਲ ਸਹੀ ਹੈ ਕਿ ਜੇਕਰ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕੁਰਬਾਨੀ ਨਾ ਦਿੱਤੀ ਹੁੰਦੀ ਤਾਂ ਅੱਜ ਅਸੀਂ ਇਸ ਮੰਚ 'ਤੇ ਨਹੀਂ ਹੋਣਾ ਸੀ। ਉਨ੍ਹਾਂ ਨੇ ਇਸ ਦੌਰਾਨ ਗੁਰੂ ਸਾਹਿਬਾਨ ਦੇ ਨਾਲ ਸ਼ਹੀਦ ਹੋਣ ਵਾਲੇ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦਾ ਵੀ ਜ਼ਿਕਰ ਕੀਤਾ ਤੇ ਨਾਲ ਹੀ ਭਾਈ ਲੱਖੀ ਸ਼ਾਹ ਵਣਜਾਰਾ ਜੀ ਦੀ ਹਿੰਮਤ ਅਤੇ ਦਲੇਰੀ ਨੂੰ ਵੀ ਨਮਨ ਕੀਤਾ। ਇਸ ਮੌਕੇ ਉਨ੍ਹਾਂ ਜਾਣਕਾਰੀ ਦਿੱਤੀ ਕਿ ਇਸ ਸਮਾਗਮ ਰਾਹੀਂ ਨਾਨਕ ਨਾਮ ਲੇਵਾ 9 ਭਾਈਚਾਰਿਆਂ ਦਾ ਵੀ ਅਸੀਂ ਧੰਨਵਾਦ ਕਰਦੇ ਹਾਂ ਕਿਉਂਕਿ ਇਹ ਸਾਰੇ ਸਮਾਜ ਹਿੰਦੂਆਂ ਤੇ ਸਿੱਖਾਂ ਵਿੱਚ ਏਕਤਾ ਦਾ ਪ੍ਰਤੀਕ ਨੇ, ਉਨ੍ਹਾਂ ਜਾਣਕਾਰੀ ਦੇਂਦੇ ਹੋਏ ਕਿਹਾ ਕਿ ਮਹਾਂਰਾਸ਼ਟਰ ਸਰਕਾਰ ਆਪਣੇ ਸਕੂਲੀ ਸਿਲੈਬਸ ਵਿੱਚ ਵੀ ਸਿੱਖ ਗੁਰੂ ਸਾਹਿਬਾਨ ਦਾ ਇਤਿਹਾਸ ਸ਼ਾਮਿਲ ਕਰ ਰਹੀ ਹੈ ਤੇ ਅੱਗੇ ਵੀ ਗੁਰੂ ਸਾਹਿਬਾਨ ਨੂੰ ਸਮਰਪਿਤ ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਜਾਰੀ ਰਹਿਣਗੀਆਂ।

# ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਡੈਲਟਾ ਵਿਖੇ ਕਵੀ ਦਰਬਾਰ ਆਯੋਜਿਤ

ਸਰੀ
ਹਰਦਮ ਸਿੰਘ ਮਾਨ



ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਨੂੰ ਸਮਰਪਿਤ ਕਵੀ ਦਰਬਾਰ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਵਿਖੇ ਆਯੋਜਿਤ ਕੀਤਾ ਗਿਆ, ਜੋ ਕਿ ਕਵੀ ਸਾਹਿਬਾਨਾਂ ਦੇ ਭਰਪੂਰ ਹੁੰਗਾਰੇ ਨਾਲ ਬੜੀ ਸ਼ਰਧਾ, ਉਤਸ਼ਾਹ ਅਤੇ ਗੁਰਮਤਿ ਮਾਹੌਲ ਵਿਚ ਸੰਪੂਰਨ ਹੋਇਆ। ਇਸ ਸਮਾਗਮ ਦੌਰਾਨ ਵੱਖ-ਵੱਖ ਖੇਤਰਾਂ ਤੋਂ ਪਹੁੰਚੇ ਪ੍ਰਸਿੱਧ ਕਵੀਆਂ ਨੇ ਗੁਰਮਤਿ, ਸਿੱਖ ਇਤਿਹਾਸ ਅਤੇ ਪੰਥਕ ਚੇਤਨਾ ਨੂੰ ਆਧਾਰ ਬਣਾ ਕੇ ਉੱਚ ਕੋਟੀ ਦੀਆਂ ਕਾਵਿ ਰਚਨਾਵਾਂ ਪੇਸ਼ ਕੀਤੀਆਂ। ਸੰਗਤਾਂ ਵੱਲੋਂ ਇਨ੍ਹਾਂ ਰਚਨਾਵਾਂ ਨੂੰ ਭਰਪੂਰ ਸਨਮਾਨ ਅਤੇ ਸਰਾਹਨਾ ਪ੍ਰਾਪਤ ਹੋਈ।

ਚਾਰ ਸਾਲ ਦੀ ਉਮਰ ਦੀ ਬੱਚੀ ਤੋਂ ਲੈ ਕੇ 90 ਸਾਲ ਦੇ ਬਜ਼ੁਰਗਾਂ ਤੱਕ ਦੀ ਸ਼ਮੂਲੀਅਤ ਵਾਲੇ ਇਸ ਪ੍ਰਭਾਵਸ਼ਾਲੀ ਕਵੀ ਦਰਬਾਰ ਸਮਾਗਮ ਦੌਰਾਨ ਡਾ. ਗੁਰਵਿੰਦਰ ਸਿੰਘ ਵੱਲੋਂ ਸੰਚਾਲਨ ਦੀ ਸੇਵਾ ਨਿਭਾਈ ਗਈ। ਉਨ੍ਹਾਂ ਨੇ ਬਹੁਤ ਹੀ ਸੁਚੱਜੇ, ਸਲੀਕੇਦਾਰ ਅਤੇ ਜ਼ਿੰਮੇਵਾਰ ਢੰਗ ਨਾਲ ਸਮਾਗਮ ਦੀ ਸ਼ੋਭਾ ਨੂੰ ਨਿਖਾਰਿਆ।

ਕਰੀਬ ਢਾਈ ਘੰਟੇ ਤੱਕ ਚੱਲੇ ਇਸ ਕਵੀ ਦਰਬਾਰ ਦੌਰਾਨ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਡਾ. ਗੁਰਵਿੰਦਰ ਸਿੰਘ ਸਮੇਤ, ਮਾਸਟਰ ਅਮਰੀਕ ਸਿੰਘ ਲੇਹਲ, ਅਵਤਾਰ ਸਿੰਘ ਬਰਾੜ, ਬੰਤਾ ਸਿੰਘ ਸਭਰਵਾਲ, ਬਾਵਾ ਸਿੰਘ ਹੁੰਜਣ ਪਰਮਜੀਤ ਸਿੰਘ ਨਿੱਜਰ, ਹਰਚੰਦ ਸਿੰਘ ਗਿੱਲ ਅਚਰਵਾਲ, ਪ੍ਰਬਲੀਨ ਕੌਰ ਕੈਂਥੋ, ਹਰਿਜਸ ਕੌਰ, ਸਿਮਰਨ ਕੌਰ, ਗੁਰਲੀਨ ਕੌਰ, ਗੁਰਮੀਤ ਸਿੰਘ ਤੂਰ, ਸੁਖਵਿੰਦਰ ਸਿੰਘ, ਹਰਜਿੰਦਰ ਕੌਰ ਅਤੇ ਕੁਲਵੰਤ ਸਿੰਘ ਸਰੋਤਾ ਪੰਜਾਬੀ ਸਾਹਿਤ ਸਭਾ ਮੁਕਤਸਰ ਸਮੇਤ ਸਾਰੇ ਭਾਗੀਦਾਰ ਕਵੀਆਂ ਨੂੰ ਪ੍ਰਸ਼ੰਸਾ ਪੱਤਰ ਭੇਟ ਕਰਕੇ ਸਨਮਾਨਿਤ ਕੀਤਾ ਗਿਆ ਅਤੇ ਸਮਾਗਮ ਦੀ ਸਫਲਤਾ ਲਈ ਸਹਿਯੋਗੀ ਸੇਵਾਦਾਰਾਂ ਦਾ ਦਿਲੋਂ ਧੰਨਵਾਦ ਕੀਤਾ ਗਿਆ। ਪੰਜਾਬੀ ਸਾਹਿਤ ਸਭਾ ਮੁਕਤਸਰ ਤੋਂ ਲੇਖਕ ਅਤੇ ਪੱਤਰਕਾਰ ਕੁਲਵੰਤ ਸਿੰਘ ਸਰੋਤਾ ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਸਿੱਖ ਲਿਖਾਰੀ ਭਾਈ ਬੰਤਾ ਸਿੰਘ ਸਭਰਵਾਲ ਨੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਨੂੰ ਇੱਕ ਯਾਦਗਾਰੀ ਸੁਗਾਤ ਭੇਟ ਕਰਦਿਆਂ 50 ਸਾਲਾ ਪੁਰਾਣੇ ਇਤਿਹਾਸ ਦੀ ਸਾਂਝ ਪਾਈ।



# ਸ੍ਰੀ ਗੁਰੂ ਰਵਿਦਾਸ ਟੈਂਪਲ (ਕੈਲੀਫ਼ੋਰਨੀਆ)




## ਗੁਰਪੁਰਬ ਸ੍ਰੀ ਗੁਰੂ ਰਵਿਦਾਸ ਜੀ

30 ਜਨਵਰੀ – 1 ਫ਼ਰਵਰੀ, 2026

### ਸ੍ਰੀ ਗੁਰੂ ਰਵਿਦਾਸ ਟੈਂਪਲ ਕੈਲੀਫ਼ੋਰਨੀਆ, ਪਿਟਸਬਰਗ ਵੱਲੋਂ

ਸਤਿਗੁਰੂ ਰਵਿਦਾਸ ਜੀ ਦੇ 649ਵੇਂ ਪ੍ਰਕਾਸ਼ ਉਤਸਵ ਦੀ ਖੁਸ਼ੀ ਵਿੱਚ ਐਤਵਾਰ, 1 ਫ਼ਰਵਰੀ 2026 ਨੂੰ ਗੁਰਦੁਆਰਾ ਸਾਹਿਬ ਵਿੱਚ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਸਮਾਗਮ ਕਰਵਾਇਆ ਜਾ ਰਿਹਾ ਹੈ :

## ਪ੍ਰੋਗਰਾਮ ਦੀ ਵੇਰਵਾ

| ਅਰੰਭ ਸ੍ਰੀ ਅਖੰਡ ਪਾਠ ਸਾਹਿਬ | ਨਿਸ਼ਾਨ ਸਾਹਿਬ ਦੀ ਸੇਵਾ | ਭੋਗ ਸ੍ਰੀ ਅਖੰਡ ਪਾਠ ਸਾਹਿਬ | ਕੀਰਤਨ ਦੀਵਾਨ |
|---|---|---|---|
| 30 ਜਨਵਰੀ 2026 (ਸ਼ੁੱਕਰਵਾਰ)<br>ਸਵੇਰੇ 9:30 ਵਜੇ | 31 ਜਨਵਰੀ 2026 (ਸ਼ਨੀਚਰਵਾਰ)<br>ਸਵੇਰੇ 11:00 ਵਜੇ | 1 ਫ਼ਰਵਰੀ 2026 (ਐਤਵਾਰ)<br>ਸਵੇਰੇ 9:30 ਵਜੇ | ਭੋਗ ਉਪਰਾਂਤ<br>ਦੁਪਹਿਰ 2:00 ਵਜੇ ਤੱਕ |

**ਸਾਧ ਸੰਗਤ ਵੱਲੋਂ ਇਸ ਸਮਾਗਮ ਦੌਰਾਨ ਲੰਗਰ, ਪਾਠ ਅਤੇ ਪਰਸ਼ਾਦ ਦੀ ਸੇਵਾ ਕੀਤੀ ਜਾਵੇਗੀ।**


ਗਿਆਨੀ ਬਲਵਿੰਦਰ ਸਿੰਘ


ਭਾਈ ਸੁਖਵਿੰਦਰ ਸਿੰਘ ਰਾਜੂ (ਹਜ਼ੂਰੀ ਰਾਗੀ)


ਗਿਆਨੀ ਨਿਸ਼ਾਨ ਸਿੰਘ ਦੇ ਜਥੇ

ਗੁਰੂ ਕਾ ਕੀਰਤਨ ਕਰਕੇ ਸੰਗਤ ਨੂੰ ਨਿਹਾਲ ਕਰਨਗੇ।

### ਹੈਲਥ ਕੈਂਪ :

1 ਫ਼ਰਵਰੀ 2026 ਨੂੰ ਗੁਰਦੁਆਰਾ ਸਾਹਿਬ ਵਿੱਚ ਹੈਲਥ ਕੈਂਪ ਲਗਾਇਆ ਜਾਵੇਗਾ।
4 ਡਾਕਟਰ ਇਸ ਸੇਵਾ ਲਈ ਪਹੁੰਚ ਰਹੇ ਹਨ।
ਸਮਾਂ: ਸਵੇਰੇ 10:30 ਵਜੇ ਤੋਂ ਦੁਪਹਿਰ 1:30 ਵਜੇ ਤੱਕ

**ਸਟਾਲਾਂ ਜਾਂ ਹੋਰ ਸੇਵਾਵਾਂ ਲਈ ਸੰਪਰਕ ਕਰੋ :**

ਪ੍ਰਧਾਨ: ਵਿਨੋਦ ਕੁਮਾਰ – (408) 718-2506 | ਜਨਰਲ ਸਕੱਤਰ: ਸੁਨੀਤਾ ਸਿੰਘ – (415) 233-3319

ਸਾਰੀ ਸੰਗਤ ਨੂੰ ਪਰਿਵਾਰ ਅਤੇ ਦੋਸਤਾਂ ਸਮੇਤ ਇਸ ਸਮਾਗਮ ਵਿੱਚ ਸ਼ਾਮਿਲ ਹੋਣ ਅਤੇ ਸਤਿਗੁਰੂ ਰਵਿਦਾਸ ਜੀ ਦੀਆਂ ਬਖ਼ਸ਼ਿਸ਼ਾਂ ਪ੍ਰਾਪਤ ਕਰਨ ਦੀ ਨਿਮਰ ਬੇਨਤੀ ਹੈ।

ਸੰਗਤ ਸੇਵਾਦਾਰ : ਚੇਅਰਮੈਨ : ਹਰਮੇਸ਼ ਕੁਮਾਰ | ਪ੍ਰਧਾਨ : ਵਿਨੋਦ ਕੁਮਾਰ | ਜਨਰਲ ਸਕੱਤਰ : ਸੁਨੀਤਾ ਸਿੰਘ | ਖ਼ਜ਼ਾਨਚੀ : ਜਸਵੀਰ ਚਾਹਲ

**Address : 2150 Crestview Dr, Pittsburg, CA 94565, United States**

# ਆਪਣੇ ਇਮੀਗਰੇਸ਼ਨ ਦੇ ਕਿਸੇ ਵੀ ਕੰਮ ਲਈ ਸਾਨੂੰ ਮਿਲੋ

HOPE
IMMIGRATION

*Where Hope Meets*

# IMMIGRATION OPPORTUNITIES

**USA SERVICES :**

- CITIZENSHIP
- GREEN CARD & PETITION
- AFFIDAVIT OF SUPPORT
- WORK PERMIT RENEW
- STUDENT VISA & TRANSFER
- TOURIST VISAS

**INDIAN SERVICES :**

- Passport
- VISA
- OCI CARD
- RENUNCIATION
- POWER OF ATTORNEY
- LEGAL DOCUMENTS ATTESTATIONS
- NOTARY SERVICES

**WE CAN HELP YOU WORK AND SETTLE IN COUNTRIES WORLDWIDE ALSO**

ਅਮਰੀਕਾ ਜਾਂ INDIA ਦੀ Immigration ਜਾਂ Legal Document Services ਲਈ HOPE IMMIGRATION ਕੋਲ ਆਓ

ਅਸੀਂ ਤਜਰਬੇਕਾਰ ਇਮੀਗਰੇਸ਼ਨ ਵਕੀਲਾਂ ਨਾਲ ਵੀ ਕੰਮ ਕਰਦੇ ਹਾਂ
ਅਤੇ ਲੋੜ ਪੈਣ ਤੇ ਉਹਨਾਂ ਦੀਆਂ ਸੇਵਾਵਾਂ ਵੀ ਤੁਹਾਨੂੰ ਦਵਾ ਸਕਦੇ ਹਾਂ।



ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : (916) 518-0630

WEBSITE : www.hopeimmigration.net | Email : help@hopeimmigration.net

ਅਸੀਂ California State ਦੇ Bonded Immigration Consultant ਹਾਂ

ADDRESS : 2953 W CAPITOL AVE WEST SACRAMENTO, CA 95691

ਮੈਂ ਵਕੀਲ ਨਹੀਂ ਹਾਂ ਅਤੇ ਕੋਈ ਕਾਨੂੰਨੀ ਸੁਲਾਹ ਨਹੀਂ ਦੇ ਸਕਦਾ





RE/MAX
EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

# ਪਾਣੀਆਂ ਦੇ ਵਿਵਾਦ 'ਤੇ ਪੰਜਾਬ ਦੇ ਹਿੱਤਾਂ ਉੱਤੇ ਡਟ ਕੇ ਪਹਿਰਾ ਦੇ ਰਹੀ ਹੈ ਪੰਜਾਬ ਸਰਕਾਰ- ਭਗਵੰਤ ਸਿੰਘ ਮਾਨ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਮੀਟਿੰਗ ਦੌਰਾਨ ਸਤਲੁਜ-ਯਮੁਨਾ ਲਿੰਕ ਨਹਿਰ ਦਾ ਹੱਲ ਆਪਸੀ ਸਹਿਮਤੀ ਨਾਲ ਕੱਢਣ ਦੀ ਵਕਾਲਤ ਕਰਦਿਆਂ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਪੰਜਾਬ ਸਰਕਾਰ ਪਾਣੀਆਂ ਦੇ ਵਿਵਾਦ 'ਤੇ ਸੂਬੇ ਦੇ ਹਿੱਤਾਂ ਦੀ ਰਾਖੀ ਲਈ ਦ੍ਰਿੜ ਵਚਨਬੱਧ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਡੇ ਕੋਲ ਕਿਸੇ ਹੋਰ ਸੂਬੇ ਨੂੰ ਦੇਣ ਲਈ ਪਾਣੀ ਨਹੀਂ ਹੈ ਪਰ ਹਰਿਆਣੇ ਦਾ ਵੱਡੇ ਭਰਾ ਹੋਣ ਦੇ ਨਾਤੇ ਅਸੀਂ ਆਪਣੇ ਗੁਆਂਢੀ ਸੂਬੇ ਨਾਲ ਵੈਰ-ਵਿਰੋਧ ਨਹੀਂ ਚਾਹੁੰਦੇ ਅਤੇ ਇਸ ਚਿਰੋਕਣੇ ਮਸਲੇ ਦਾ ਛੇਤੀ ਹੱਲ ਚਾਹੁੰਦੇ ਹਨ। ਮੁੱਖ ਮੰਤਰੀ ਨੇ ਕਿਹਾ, "ਪੰਜਾਬ ਕੋਲ ਕਿਸੇ ਹੋਰ ਸੂਬੇ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ। ਮੈਂ ਸਪੱਸ਼ਟ ਕਰ ਦਿੰਦਾ ਹਾਂ ਕਿ ਪੰਜਾਬ ਦੇ ਹਿੱਸੇ ਦੇ ਪਾਣੀ ਦੀ ਇਕ ਬੂੰਦ ਵੀ ਕਿਸੇ ਹੋਰ ਨਾਲ ਸਾਂਝੀ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।" ਉਨ੍ਹਾਂ ਕਿਹਾ ਕਿ ਐਸ.ਵਾਈ.ਐਲ. ਇਕ ਜਜ਼ਬਾਤੀ ਮੁੱਦਾ ਹੈ ਅਤੇ ਜੇਕਰ ਇਸ ਨੂੰ ਲਾਗੂ ਕਰ ਦਿੱਤਾ ਜਾਂਦਾ ਹੈ ਤਾਂ ਸੂਬੇ ਨੂੰ ਅਮਨ-ਕਾਨੂੰਨ ਦੀ ਵਿਵਸਥਾ ਨੂੰ ਲੈ ਕੇ ਗੰਭੀਰ ਸਮੱਸਿਆ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਐਸ.ਵਾਈ.ਐਲ. ਨਹਿਰ ਲਈ ਪੰਜਾਬ ਕੋਲ ਅੱਜ ਜ਼ਮੀਨ ਹੀ ਮੌਜੂਦ ਨਹੀਂ ਹੈ। ਪੰਜਾਬ ਦੀ ਪਹੁੰਚ ਦਾ ਪ੍ਰਗਟਾਵਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵੱਡਾ ਭਰਾ ਹੈ ਅਤੇ ਦੋਵੇਂ ਸੂਬੇ ਇਸ ਵਿਵਾਦਪੂਰਨ ਮਸਲੇ ਦਾ ਸੁਖਾਵਾਂ ਹੱਲ ਕੱਢਣ ਲਈ ਇੱਥੇ ਇਕੱਠੇ ਹੋਏ ਹਨ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਅਤੇ ਭਾਰਤ ਸਰਕਾਰ, ਦੋਵੇਂ ਹੀ ਇਸ ਮਸਲੇ ਦਾ ਆਪਸੀ ਸਹਿਮਤੀ ਵਾਲਾ ਹੱਲ ਚਾਹੁੰਦੇ ਹਨ ਪਰ ਚੰਗੀ ਗੱਲ ਇਹ ਹੈ ਕਿ ਦੋਵੇਂ ਸੂਬੇ ਇਸ ਮਸਲੇ ਨੂੰ ਸੁਲਝਾਉਣ ਅਤੇ ਇਸ ਮਸਲੇ ਉਤੇ ਆਪਸੀ ਟਕਰਾਅ ਨੂੰ ਖਤਮ ਕਰਨ ਲਈ ਸਿਰ ਜੋੜ ਕੇ ਬੈਠੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਵੱਲੋਂ ਕਿਸੇ ਨੂੰ ਵੀ ਉਨ੍ਹਾਂ ਦੇ ਬਣਦੇ ਹੱਕ ਤੋਂ ਵਾਂਝਾ ਨਹੀਂ ਕੀਤਾ ਜਾ ਰਿਹਾ।



ਉਨ੍ਹਾਂ ਕਿਹਾ ਕਿ ਤਿੰਨ ਦਰਿਆਵਾਂ ਦੇ 34.34 ਮਿਲੀਅਨ ਏਕੜ ਫੁੱਟ (ਐਮ.ਏ.ਐਫ.) ਪਾਣੀ ਵਿੱਚੋਂ ਪੰਜਾਬ ਨੂੰ ਸਿਰਫ 14.22 ਐਮ.ਏ.ਐਫ. ਦੀ ਵੰਡ ਹੋਈ ਹੈ ਜੋ 40 ਫੀਸਦੀ ਬਣਦਾ ਹੈ ਜਦਕਿ 60 ਫੀਸਦੀ ਪਾਣੀ ਹਰਿਆਣਾ, ਦਿੱਲੀ ਅਤੇ ਰਾਜਸਥਾਨ ਨੂੰ ਚਲਾ ਜਾਂਦਾ ਹੈ ਜਦਕਿ ਇਨ੍ਹਾਂ ਦਰਿਆਵਾਂ ਵਿੱਚੋਂ ਕੋਈ ਦਰਿਆ ਵੀ ਇਨ੍ਹਾਂ ਸੂਬਿਆਂ ਵਿੱਚ ਨਹੀਂ ਵਹਿੰਦਾ। ਪੰਜਾਬ ਦੇ ਜਲ ਸੰਕਟ ਉਤੇ ਗੰਭੀਰ ਚਿੰਤਾ ਪ੍ਰਗਟਾਉਂਦਿਆਂ ਮੁੱਖ ਮੰਤਰੀ ਨੇ ਕਿਹਾ, "ਸਤਹੀ ਪਾਣੀ ਦੇ ਘਟਣ ਨਾਲ ਧਰਤੀ ਹੇਠਲੇ ਜਲ ਵਸੀਲਿਆਂ ਉਤੇ ਦਬਾਅ ਵਧ ਰਿਹਾ ਹੈ। ਪੰਜਾਬ ਵਿੱਚ 153 ਬਲਾਕਾਂ ਵਿੱਚੋਂ 115 ਬਲਾਕਾਂ ਦਾ ਪਾਣੀ ਹੱਦ ਤੋਂ ਵੱਧ ਵਰਤਿਆ ਜਾ ਚੁੱਕਿਆ ਹੈ।" ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਧਰਤੀ ਹੇਠਲਾ ਪਾਣੀ ਕੱਢਣ ਦੀ ਦਰ ਪੂਰੇ ਮੁਲਕ ਵਿੱਚੋਂ ਸਭ ਤੋਂ ਵੱਧ ਹੈ। ਭਾਈ ਘਨੱਈਆ ਜੀ ਦੀ ਸੱਚੀ ਭਾਵਨਾ ਦਾ ਜ਼ਿਕਰ ਕਰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਆਪਣੀਆਂ ਲੋੜਾਂ ਨੂੰ ਦਰਕਿਨਾਰ ਕਰਦਾ ਰਿਹਾ ਹੈ ਅਤੇ 60 ਫੀਸਦੀ ਪਾਣੀ ਗੈਰ-ਰਿਪੇਰੀਅਨ ਸੂਬਿਆਂ ਨੂੰ ਪਾਣੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਦਿੰਦਾ ਹੈ।" ਉਨ੍ਹਾਂ ਕਿਹਾ ਕਿ ਪੰਜਾਬ ਆਪਣੇ ਦਰਿਆਵਾਂ ਦਾ ਪਾਣੀ ਬਾਕੀਆਂ ਨਾਲ ਸਾਂਝਾ ਕਰਦਾ ਹੈ ਪਰ ਹੜ੍ਹਾਂ ਦਾ ਨੁਕਸਾਨ ਇਕੱਲੇ ਪੰਜਾਬ ਨੂੰ ਸਹਿਣਾ ਪੈਂਦਾ ਹੈ।



ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਕਰਕੇ ਇਹ ਬਹੁਤ ਜ਼ਰੂਰੀ ਹੈ ਕਿ ਕੋਈ ਵੀ ਫੈਸਲਾ ਲੈਣ ਮੌਕੇ ਪੰਜਾਬ ਦੇ ਹਿੱਤਾਂ ਦਾ ਖਿਆਲ ਰੱਖਣਾ ਚਾਹੀਦਾ ਹੈ। ਪਾਵਨ ਗੁਰਬਾਣੀ ਦੀ ਤੁਕ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥' ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਸਾਡੇ ਮਹਾਨ ਗੁਰੂ ਸਾਹਿਬਾਨ ਨੇ ਹਵਾ ਨੂੰ ਗੁਰੂ ਦਾ ਦਰਜਾ, ਪਾਣੀ ਨੂੰ ਪਿਤਾ ਦਾ ਅਤੇ ਧਰਤੀ ਨੂੰ ਮਾਤਾ ਦਾ ਦਰਜਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਕੁਦਰਤੀ ਵਸੀਲਿਆਂ ਨੂੰ ਬਚਾਉਣ ਲਈ ਸੂਬਾ ਸਰਕਾਰ ਗੁਰੂ ਸਾਹਿਬਾਨ ਦੇ ਦਿਖਾਏ ਰਸਤੇ ਉਤੇ ਚੱਲ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ, "ਹਾਲ ਹੀ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਕਿ ਦੋਵੇਂ ਸਰਕਾਰਾਂ ਇਸ ਮਸਲੇ ਨੂੰ ਸੁਲਝਾਉਣ ਲਈ ਗੰਭੀਰ ਵਿਚਾਰ-ਚਰਚਾ ਕਰ ਰਹੀਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਿੱਤ ਜਾਂ ਹਾਰ ਦਾ ਸਵਾਲ ਨਹੀਂ ਹੈ ਪਰ ਪੰਜਾਬ ਅਤੇ ਪੰਜਾਬੀਆਂ ਦੇ ਹਿੱਤ ਅਤੇ ਜਜ਼ਬਾਤ ਅਣਗੌਲੇ ਨਹੀਂ ਕੀਤੇ ਜਾ ਸਕਦੇ।

ਮੁੱਖ ਮੰਤਰੀ ਨੇ ਕਿਹਾ ਕਿ ਪਾਣੀ ਦੋਵਾਂ ਸੂਬਿਆਂ ਦੀ ਜੀਵਨ ਰੇਖਾ ਹੈ। ਸਾਂਝਾ ਵਰਕਿੰਗ ਗਰੁੱਪ ਬਣਾ ਕੇ ਦੋਵਾਂ ਸੂਬਿਆਂ ਦੇ ਅਧਿਕਾਰੀਆਂ ਦਰਮਿਆਨ ਨਿਰੰਤਰ ਮੀਟਿੰਗਾਂ ਹੋਣ ਦਾ ਵਿਚਾਰ ਪੇਸ਼ ਕਰਦਿਆਂ ਭਗਵੰਤ ਸਿੰਘ ਮਾਨ ਨੇ ਉਮੀਦ ਜ਼ਾਹਰ ਕੀਤੀ ਕਿ ਸਾਂਝੇ ਵਰਕਿੰਗ ਗਰੁੱਪ ਦੀਆਂ ਨਿਰੰਤਰ ਮੀਟਿੰਗਾਂ ਇਸ ਮਸਲੇ ਦਾ ਸੁਖਾਵਾਂ ਹੱਲ ਲੱਭਣ ਅਤੇ ਦੋਵਾਂ ਸੂਬਿਆਂ ਵਿੱਚ ਲਾਮਿਸਾਲ ਵਿਕਾਸ, ਤਰੱਕੀ ਤੇ ਖੁਸ਼ਹਾਲੀ ਦੇ ਦੌਰ ਲਈ ਸਹਾਈ ਹੋਣਗੀਆਂ। ਇਸ ਮੌਕੇ ਮੁੱਖ ਮੰਤਰੀ ਨਾਲ ਜਲ ਸਰੋਤ ਮੰਤਰੀ ਬਰਿੰਦਰ ਗੋਇਲ, ਮੁੱਖ ਸਕੱਤਰ ਕੇ.ਏ.ਪੀ. ਸਿਨਹਾ, ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਡਾ. ਰਵੀ ਭਗਤ, ਸਕੱਤਰ ਜਲ ਸਰੋਤ ਕ੍ਰਿਸ਼ਨ ਕੁਮਾਰ ਤੇ ਹੋਰ ਹਾਜ਼ਰ ਸਨ।

# ਭਗਵੰਤ ਸਿੰਘ ਮਾਨ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਦੇ ਦੂਜੇ ਪੜਾਅ ਦੀ ਪ੍ਰਗਤੀ ਦਾ ਜਾਇਜ਼ਾ

## ਇਹ ਪੜਾਅ ਨਸ਼ਿਆਂ ਦੇ ਖ਼ਤਰੇ ਦੀ ਰੀੜ੍ਹ 'ਤੇ ਵੱਡਾ ਹਮਲਾ ਕਰੇਗਾ- ਮਾਨ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਖਿਆ ਕਿ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦਾ ਦੂਜਾ ਪੜਾਅ ਨਸ਼ਿਆਂ ਦੀ ਸਮੱਸਿਆ ਦੀ ਰੀੜ੍ਹ 'ਤੇ ਹਮਲਾ ਕਰਨ ਲਈ ਤਿਆਰ ਹੈ ਅਤੇ ਸੂਬਾ ਸਰਕਾਰ ਪਿੰਡ ਪੱਧਰ 'ਤੇ ਲੋਕਾਂ ਨੂੰ ਲਾਮਬੰਦ ਕਰਕੇ ਤੇ ਪੰਜਾਬ ਭਰ ਵਿੱਚ ਜਨਤਕ ਭਾਗੀਦਾਰੀ ਵਧਾ ਕੇ ਨਸ਼ਿਆਂ ਵਿਰੁੱਧ ਆਪਣੀ ਹੁਣ ਤੱਕ ਦੀ ਸਭ ਤੋਂ ਜ਼ੋਰਦਾਰ ਜਨਤਕ ਮੁਹਿੰਮ ਨੂੰ ਤੇਜ਼ ਕਰਨ ਦੀ ਤਿਆਰੀ ਕਰ ਰਹੀ ਹੈ।

'ਯੁੱਧ ਨਸ਼ਿਆਂ ਵਿਰੁੱਧ' ਦੇ ਦੂਜੇ ਪੜਾਅ ਦੀ ਤਰੱਕੀ ਦੀ ਸਮੀਖਿਆ ਕਰਦਿਆਂ ਮੁੱਖ ਮੰਤਰੀ ਦੇ ਐਲਾਨ ਕੀਤਾ ਕਿ ਅਗਲੇ ਮਹੀਨੇ ਵਿਲੇਜ ਡਿਫੈਂਸ ਕਮੇਟੀਆਂ (ਵੀ.ਡੀ.ਸੀਜ਼.) ਦੀ ਵੱਡੀ ਸੂਬਾ ਪੱਧਰੀ ਮੀਟਿੰਗ ਕੀਤੀ ਜਾਵੇਗੀ ਤਾਂ ਕਿ ਮੁਹਿੰਮ ਨੂੰ ਨਵੀਂ ਗਤੀ ਤੇ ਦਿਸ਼ਾ ਦਿੱਤੀ ਜਾ ਸਕੇ, ਜੋ ਕਿ ਸਰਕਾਰ ਦੇ ਨਸ਼ਾ ਵਿਰੋਧੀ ਮੁਹਿੰਮ ਨੂੰ ਲੋਕ-ਅਗਵਾਈ ਵਾਲੀ ਲਹਿਰ ਵਿੱਚ ਬਦਲਣ ਦੇ ਇਰਾਦੇ ਦਾ ਸੰਕੇਤ ਹੈ।



ਅੱਜ 'ਯੁੱਧ ਨਸ਼ਿਆਂ ਵਿਰੁੱਧ' ਦੇ ਦੂਜੇ ਪੜਾਅ ਨੂੰ ਲਾਗੂਕਰਨ ਦੀ ਸਮੀਖਿਆ ਲਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਨਸ਼ੇ ਵਿਸ਼ਵਵਿਆਪੀ ਵਰਤਾਰਾ ਹੈ ਪਰ ਦੁਨੀਆ ਭਰ ਵਿੱਚ ਕਿਤੇ ਵੀ ਇਸ ਬੁਰਾਈ ਵਿਰੁੱਧ ਜੰਗ ਇੰਨੇ ਜ਼ੋਰਦਾਰ ਢੰਗ ਨਾਲ ਸ਼ੁਰੂ ਨਹੀਂ ਕੀਤੀ ਗਈ ਹੈ। ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਵਿਲੇਜ ਡਿਫੈਂਸ ਕਮੇਟੀਆਂ (ਵੀ.ਡੀ.ਸੀਜ਼) ਦੇ ਰੂਪ ਵਿੱਚ 'ਪਿੰਡਾਂ ਦੇ ਪਹਿਰੇਦਾਰ' ਦੀ 1.50 ਲੱਖ ਮੈਂਬਰਾਂ ਵਾਲੀ ਮਜ਼ਬੂਤ ਟੀਮ ਦਾ ਗਠਨ ਕੀਤਾ ਗਿਆ ਹੈ।"

ਉਨ੍ਹਾਂ ਕਿਹਾ ਕਿ ਇਸ ਮੁਹਿੰਮ ਨੂੰ ਅੱਗੇ ਵਧਾਉਣ ਲਈ ਆਉਣ ਵਾਲੇ ਮਹੀਨੇ ਇਨ੍ਹਾਂ ਵੀ.ਡੀ.ਸੀਜ਼. ਦੀ ਮਹੱਤਵਪੂਰਨ ਮੀਟਿੰਗ ਬੁਲਾਈ ਜਾਵੇਗੀ। ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ, "ਇਸ ਮੀਟਿੰਗ ਵਿੱਚ ਵੀ.ਡੀ.ਸੀ. ਮੈਂਬਰ ਆਪਣੇ ਪਿੰਡਾਂ ਨੂੰ ਨਸ਼ਾ ਮੁਕਤ ਬਣਾਉਣ ਦਾ ਪ੍ਰਣ ਲੈਣਗੇ।" ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਨੇਕ ਕਾਰਜ ਲਈ ਉਨ੍ਹਾਂ ਨੂੰ ਪੂਰਾ ਸਮਰਥਨ ਅਤੇ ਸਹਿਯੋਗ ਯਕੀਨੀ ਬਣਾਏਗੀ।

ਉਨ੍ਹਾਂ ਅਧਿਕਾਰੀਆਂ ਨੂੰ ਵੀ.ਡੀ.ਸੀ. ਮੈਂਬਰਾਂ ਨੂੰ ਪਛਾਣ ਪੱਤਰ ਜਲਦੀ ਦੇਣ ਲਈ ਵੀ ਕਿਹਾ ਤਾਂ ਜੋ ਉਨ੍ਹਾਂ ਦੇ ਮਹੱਤਵਪੂਰਨ ਕੰਮ ਨੂੰ ਮਾਨਤਾ ਦਿੱਤੀ ਜਾ ਸਕੇ।



ਭਗਵੰਤ ਸਿੰਘ ਮਾਨ ਨੇ ਕਿਹਾ, "ਹਰ ਮੁਹਿੰਮ ਲਈ ਜਨਤਕ ਭਾਗੀਦਾਰੀ ਜ਼ਰੂਰੀ ਹੈ। ਇਹ ਇਸ ਮੁਹਿੰਮ ਨੂੰ ਲੰਮੇ ਸਮੇਂ ਤੱਕ ਜਾਰੀ ਰੱਖਣ ਲਈ ਵੀ ਲਾਜ਼ਮੀ ਗੱਲ ਹੈ।" ਮੁੱਖ ਮੰਤਰੀ ਨੇ ਕਿਹਾ, "ਯੁੱਧ ਨਸ਼ਿਆਂ ਵਿਰੁੱਧ ਲੋਕ ਲਹਿਰ ਬਣ ਚੁੱਕੀ ਹੈ ਕਿਉਂਕਿ ਇਹ ਖ਼ਤਰਾ ਇਕ ਸਮਾਜਿਕ ਸਮੱਸਿਆ ਸੀ।"

ਉਨ੍ਹਾਂ ਕਿਹਾ ਕਿ ਲੋਕਾਂ ਦੇ ਸਰਗਰਮ ਸਮਰਥਨ ਨਾਲ 'ਯੁੱਧ ਨਸ਼ਿਆਂ ਵਿਰੁੱਧ' ਦਾ ਦੂਜਾ ਪੜਾਅ ਪਹਿਲੇ ਪੜਾਅ ਨਾਲੋਂ ਵੀ ਵੱਧ ਸਫ਼ਲ ਹੋਵੇਗਾ ਅਤੇ ਪੰਜਾਬ ਇਸ ਮੁਹਿੰਮ ਦੇ ਹਿੱਸੇ ਵਜੋਂ ਸਫ਼ਲਤਾ ਦੀ ਨਵੀਂ ਕਹਾਣੀ ਲਿਖਣ ਲਈ ਤਿਆਰ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਨੇ ਇਸ ਲੋਕ ਲਹਿਰ ਨੂੰ ਸਫ਼ਲਤਾਪੂਰਵਕ ਪੂਰਾ ਕਰ ਕੇ ਮਿਸਾਲ ਕਾਇਮ ਕੀਤੀ ਹੈ। ਇਸ ਮੌਕੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਹੋਰ ਵੀ ਹਾਜ਼ਰ ਸਨ।

Space available for Ad
Contact # +1 (209) 303-1260

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154
SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।


Imperial Spice
Resturant Bar & Banquet Hall
Vibrant flavors of
North and South Indian cuisine.
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish
Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੈਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ
ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

## ਪਾਸਪੋਰਟ / ਵੀਜਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



CapitaL DRUG TESTING

# CAPITAL DRUG TESTING

## Drug and Alcohol Test

## DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# ਪੱਤਰਕਾਰਾਂ ਖ਼ਿਲਾਫ਼ ਵਧ ਰਹੇ ਹਮਲਿਆਂ ਦੀ ਪੰਜਾਬ ਅਤੇ ਚੰਡੀਗੜ੍ਹ ਜਰਨਲਿਸਟਸ ਯੂਨੀਅਨ ਵੱਲੋਂ ਨਿੰਦਾ

## ਸੁਖਨੈਬ ਸਿੱਧੂ ਡਿਜੀਟਲ ਮੀਡੀਆ ਬਾਰੇ ਸਬ-ਕਮੇਟੀ ਦੇ ਕਨਵੀਨਰ ਨਿਯੁਕਤ

ਬਿਆਸ
ਬਲਰਾਜ ਸਿੰਘ ਰਾਜਾ

ਪੰਜਾਬ ਅਤੇ ਚੰਡੀਗੜ੍ਹ ਜਰਨਲਿਸਟਸ ਯੂਨੀਅਨ ਦੀ ਸੂਬਾਈ ਵਰਕਿੰਗ ਕਮੇਟੀ ਨੇ ਦੇਸ਼ ਭਰ ਵਿੱਚ ਪੱਤਰਕਾਰਾਂ ਖ਼ਿਲਾਫ਼ ਵਧ ਰਹੇ ਫਾਸ਼ੀਵਾਦੀ ਹਮਲਿਆਂ ਅਤੇ ਪ੍ਰੈੱਸ ਦੀ ਅਜ਼ਾਦੀ ਦਾ ਗ਼ਲਾ ਘੁਟਣ ਦੀ ਜ਼ੋਰਦਾਰ ਨਿੰਦਾ ਕੀਤੀ ਹੈ। ਪੰਜਾਬ ਦੇ ਕਈ ਪੱਤਰਕਾਰਾਂ ਖ਼ਿਲਾਫ਼ ਕੇਸ ਦਰਜ ਕਰਨ ਅਤੇ ਜੰਮੂ-ਕਸ਼ਮੀਰ ਵਿੱਚ ਪੱਤਰਕਾਰਾਂ ਦੇ ਘਰਾਂ ਵਿੱਚ ਛਾਪੇਮਾਰੀ ਨੂੰ ਪ੍ਰਗਟਾਵੇ ਦੀ ਅਜ਼ਾਦੀ ਉਪਰ ਹਮਲਾ ਕਰਾਰ ਦਿੱਤਾ ਹੈ।

ਜੈ ਸਿੰਘ ਛਿੱਬਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਜਥੇਬੰਦੀ ਦੇ ਚੇਅਰਮੈਨ ਬਲਬੀਰ ਜੰਡੂ, ਇੰਡੀਅਨ ਜਰਨਲਿਸਟ ਯੂਨੀਅਨ ਦੇ ਕੌਮੀ ਸਕੱਤਰ ਜਨਰਲ ਬਲਵਿੰਦਰ ਜੰਮੂ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਸੂਬਾਈ ਸਕੱਤਰ ਜਨਰਲ ਸੰਤੋਖ ਗਿੱਲ ਨੇ ਦੱਸਿਆ ਕਿ ਡਿਜੀਟਲ ਮੀਡੀਆ ਨਾਲ ਜੁੜੇ ਪੱਤਰਕਾਰਾਂ ਨੂੰ ਜਥੇਬੰਦੀ ਦਾ ਹਿੱਸਾ ਬਣਾਉਣ ਲਈ ਸੁਖਨੈਬ ਸਿੰਘ ਸਿੱਧੂ ਨੂੰ ਪੰਜ ਮੈਂਬਰੀ ਸਬ-ਕਮੇਟੀ ਦਾ ਕਨਵੀਨਰ ਨਿਯੁਕਤ ਕੀਤਾ ਗਿਆ, ਕਮੇਟੀ ਜਲਦੀ ਹੀ ਆਪਣੀ ਰਿਪੋਰਟ ਪੇਸ਼ ਕਰੇਗੀ।

ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਮੀਡੀਆ ਦੀ ਸਥਿਤੀ ਅਤੇ ਸੂਬੇ ਦੇ ਪੱਤਰਕਾਰਾਂ ਦੀਆਂ ਮੰਗਾਂ ਪ੍ਰਤੀ ਸੂਬਾ ਅਤੇ ਕੇਂਦਰ ਸਰਕਾਰ ਦੇ ਰਵਈਏ ਬਾਰੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਵਿਸ਼ੇਸ਼ ਸਮਾਗਮ, ਸੈਮੀਨਾਰ ਅਤੇ ਮੀਟਿੰਗਾਂ ਕਰ ਕੇ ਜਾਗਰੂਕਤਾ ਮੁਹਿੰਮ ਚਲਾਉਣ ਦਾ ਫ਼ੈਸਲਾ ਕੀਤਾ ਗਿਆ। ਇੰਡੀਅਨ ਜਰਨਲਿਸਟ ਯੂਨੀਅਨ ਦੇ ਵਿਜੇਵਾੜਾ ਵਿੱਚ ਹੋਣ ਵਾਲੇ ਕੌਮੀ ਸੰਮੇਲਨ ਵਿੱਚ ਪੰਜਾਬ ਦੇ ਇਕ ਦਰਜਨ ਡੈਲੀਗੇਟ ਭਾਗ ਲੈਣਗੇ। ਗੁਰਤੇਜ ਸਿੰਘ ਸਿੱਧੂ (ਬਠਿੰਡਾ) ਅਤੇ ਮਹਿੰਦਰ ਸਿੰਘ ਰਾਏ (ਬਰਨਾਲਾ) ਨੂੰ ਸੂਬਾ ਵਰਕਿੰਗ ਕਮੇਟੀ ਵਿੱਚ ਵਿਸ਼ੇਸ਼ ਆਮੰਤਰਿਤ ਮੈਂਬਰ ਅਤੇ ਗੁਰਤੇਜ ਸਿੰਘ ਸਿੱਧੂ ਨੂੰ ਮੁਕਤਸਰ ਜ਼ਿਲ੍ਹੇ ਦਾ ਇੰਚਾਰਜ ਨਿਯੁਕਤ ਕੀਤਾ ਗਿਆ। ਜਥੇਬੰਦੀ ਦਾ ਹੋਰ ਜ਼ਿਲ੍ਹਿਆਂ ਵਿੱਚ ਵਿਸਥਾਰ ਅਤੇ ਮੈਂਬਰਸ਼ਿਪ ਮੁਹਿੰਮ ਹੋਰ ਤੇਜ਼ ਕਰਨ ਦਾ ਵੀ ਫ਼ੈਸਲਾ ਕੀਤਾ ਗਿਆ।



8 ਮਾਰਚ ਨੂੰ ਕੌਮਾਂਤਰੀ ਇਸਤਰੀ ਦਿਵਸ ਮੌਕੇ ਚੰਡੀਗੜ੍ਹ ਸਮੇਤ ਵੱਖ-ਵੱਖ ਥਾਂਵਾਂ ਉਪਰ ਸੈਮੀਨਾਰ ਕਰਨ ਦਾ ਫ਼ੈਸਲਾ ਕੀਤਾ ਗਿਆ। ਹੋਰਨਾ ਤੋਂ ਇਲਾਵਾ ਮੀਤ ਪ੍ਰਧਾਨ ਭੂਸ਼ਨ ਸੂਦ, ਜਥੇਬੰਦਕ ਸਕੱਤਰ ਦਵਿੰਦਰ ਭੰਗੂ, ਜਗਸੀਰ ਸੰਧੂ, ਜਸਵੰਤ ਸਿੰਘ ਥਿੰਦ, ਸਕੱਤਰ ਐਨ.ਪੀ ਧਵਨ, ਵੀਰਪਾਲ ਭਗਤਾ, ਹਰਜੀਤ ਸਿੰਘ ਕਪੂਰਥਲਾ ਸਮੇਤ ਵੱਖ-ਵੱਖ ਜ਼ਿਲ੍ਹਿਆਂ ਦੇ ਪ੍ਰਤੀਨਿਧਾਂ ਨੇ ਚਰਚਾ ਵਿੱਚ ਭਾਗ ਲਿਆ।

# ਕੈਨੇਡਾ 'ਚ ਪੰਜਾਬੀ ਗਾਇਕ ਦੇ ਘਰ 'ਤੇ ਹੋਈ ਫਾਇਰਿੰਗ

ਓਟਵਾ
ਸਾਂਝੀ ਸੋਚ ਬਿਊਰੋ

ਕੈਨੇਡਾ ਵਿੱਚ ਪੰਜਾਬੀ ਗਾਇਕ ਵੀਰ ਦਵਿੰਦਰ ਦੇ ਘਰ ‘ਤੇ ਫਾਇਰਿੰਗ ਹੋਣ ਦੀ ਖਬਰ ਸਾਹਮਣੇ ਆਈ ਹੈ। ਫਾਇਰਿੰਗ ਹੋਣ ਤੋਂ ਪਹਿਲਾਂ ਪੰਜਾਬੀ ਗਾਇਕ ਵੀਰ ਦਵਿੰਦਰ ਨੂੰ ਧਮਕੀ ਭਰੀ ਕਾਲ ਆਈ ਸੀ ਅਤੇ ਉਸ ਤੋਂ ਫਿਰੌਤੀ ਦੀ ਮੰਗ ਕੀਤੀ ਗਈ ਸੀ, ਫਿਰੌਤੀ ਨਾ ਦੇਣ ‘ਤੇ ਗੰਭੀਰ ਨਤੀਜੇ ਭੁਗਤਣ ਦੀ ਚੇਤਾਵਨੀ ਦਿੱਤੀ ਗਈ ਸੀ। ਗਾਇਕ ਵੀਰ ਦਵਿੰਦਰ ਕੋਲੋਂ ਲਗਭਗ 4 ਕਰੋੜ ਰੁਪਏ ਦੀ ਫਿਰੌਤੀ ਮੰਗੀ ਸੀ। ਉਨ੍ਹਾਂ ਨੇ ਪੈਸੇ ਨਾ ਮਿਲਣ ‘ਤੇ ਉਸਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਸੀ। ਫੋਨ ਕਰਨ ਵਾਲੇ ਨੇ ਆਪਣੀ ਪਛਾਣ ਅੰਡਾ ਬਟਾਲਾ ਵਜੋਂ ਦੱਸੀ। ਇਹ ਘਟਨਾ ਕੈਲਗਰੀ ਦੇ ਹੇ-



ਰੈੱਡਸਟੋਨ ਕਾਮਨ ਖੇਤਰ ਵਿੱਚ ਵਾਪਰੀ। ਰਿਪੋਰਟਾਂ ਅਨੁਸਾਰ 6 ਜਨਵਰੀ ਨੂੰ, ਉਸਨੂੰ ਇੱਕ ਅਣਪਛਾਤੇ ਵਿਅਕਤੀ ਦਾ ਫੋਨ ਆਇਆ। ਫ਼ੋਨ ਕਰਨ ਵਾਲੇ ਨੇ ਆਪਣੀ ਪਛਾਣ ‘ਅੰਡਾ ਬਟਾਲਾ’ ਵਜੋਂ ਦੱਸੀ ਸੀ। ਉਨੀਂ ਦਿਨਾਂ ਬਾਅਦ, 26 ਜਨਵਰੀ ਨੂੰ, ਹਮਲਾਵਰਾਂ ਨੇ ਉਸਦੇ ਘਰ ‘ਤੇ ਹਮਲਾ ਕੀਤਾ ਅਤੇ ਗੋਲੀਆਂ ਚਲਾ ਦਿੱਤੀਆਂ। ਖ਼ੁਸ਼ਕਿਸਮਤੀ ਨਾਲ ਘਰ ਕੋਈ ਨਹੀਂ ਸੀ। ਪੁਲਿਸ ਇਸ ਪੂਰੇ ਮਾਮਲੇ ਦੀ ਜਾਂਚ ਕਰ ਰਹੀ ਹੈ।

# ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਸਬੰਧੀ ਸ਼੍ਰੀ ਅਕਾਲ ਤਖ਼ਤ ਸਾਹਿਬ ਤੋਂ ਸਜਾਇਆ ਨਗਰ ਕੀਰਤਨ

ਅੰਮ੍ਰਿਤਸਰ
ਸਾਂਝੀ ਸੋਚ ਬਿਊਰੋ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਸਬੰਧੀ ਧਾਰਮਿਕ ਸਭਾ-ਸੁਸਾਇਟੀਆਂ ਤੇ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਤੱਕ ਨਗਰ ਕੀਰਤਨ ਸਜਾਇਆ ਗਿਆ।

ਨਗਰ ਕੀਰਤਨ ਦੀ ਆਰੰਭਤਾ ਤੋਂ ਪਹਿਲਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਨੇ ਪੰਜ ਪਿਆਰੇ ਸਾਹਿਬਾਨ ਤੇ ਨਿਸ਼ਾਨਚੀ ਸਿੰਘਾਂ ਨੂੰ ਸਿਰੋਪਾਓ ਦੇ ਕੇ ਨਿਵਾਜਿਆ।



ਅਰਦਾਸ ਉਪਰੰਤ ਗਿਆਨੀ ਅਮਰਜੀਤ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਪਾਲਕੀ ਸਾਹਿਬ ਵਿਚ ਸੁਸ਼ੋਭਿਤ ਕੀਤਾ ਅਤੇ ਨਗਰ ਕੀਰਤਨ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠ ਚੌਰ ਸਾਹਿਬ ਦੀ ਸੇਵਾ ਨਿਭਾਈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੋਏ ਨਗਰ ਕੀਰਤਨ ਦਾ ਪਲਾਜ਼ਾ ਘੰਟਾ ਘਰ, ਜ਼ਲ੍ਹਿਆਂ ਵਾਲਾ ਬਾਗ, ਚੌਂਕ ਘਿਓ ਮੰਡੀ, ਪਾਣੀ ਵਾਲੀ ਟੈਂਕੀ, ਸਵਰਨ ਹਾਊਸ, ਸੁਲਤਾਨਵਿੰਡ ਰੋਡ, 100 ਫੁੱਟੀ ਰੋਡ ਤੋਂ ਤੇਜ ਨਗਰ ਚੌਕ, ਸ਼ਹੀਦ ਊਧਮ ਸਿੰਘ ਨਗਰ, ਕੋਟ ਮਾਹਣਾ ਸਿੰਘ ਤਰਨ ਤਾਰਨ ਰੋਡ ਆਦਿ ਥਾਵਾਂ ‘ਤੇ ਸੰਗਤ ਨੇ ਭਰਵਾਂ ਸਵਾਗਤ ਕਰਦਿਆਂ ਸਤਿਕਾਰ ਭੇਟ ਕੀਤਾ। ਨਗਰ ਕੀਰਤਨ ਵਿਚ ਨਿਹੰਗ ਸਿੰਘ ਜਥੇਬੰਦੀਆਂ ਘੋੜੇ, ਊਠ ਅਤੇ ਹਾਥੀ ਸਮੇਤ ਜਾਹੋ-ਜਲਾਲ ਨਾਲ ਸ਼ਾਮਲ ਹੋਈਆਂ। ਇਸੇ ਦੌਰਾਨ ਗਤਕਾ ਤੇ ਬੈਂਡ ਪਾਰਟੀਆਂ ਨੇ ਵੀ ਭਰਵੀਂ ਸ਼ਮੂਲੀਅਤ ਕੀਤੀ। ਵੱਖ-ਵੱਖ ਪੜਾਵਾਂ ‘ਤੇ ਸੰਗਤਾਂ ਵੱਲੋਂ ਕਈ ਪ੍ਰਕਾਰ ਦੇ ਲੰਗਰ ਲਗਾਏ ਗਏ ਸਨ।

# ਭਾਰਤੀ ਮੂਲ ਦੀ ਸੁਨੀਤਾ ਵਿਲੀਅਮਜ਼ ਨੇ 27 ਸਾਲਾਂ ਦੇ ਨਾਸਾ ਕਰੀਅਰ ਨੂੰ ਕਿਹਾ ਅਲਵਿਦਾ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਨੇ ਨਾਸਾ ਵਿਚ ਆਪਣੇ 27 ਸਾਲਾਂ ਦੇ ਸ਼ਾਨਦਾਰ ਕਰੀਅਰ ਨੂੰ ਅਲਵਿਦਾ ਕਹਿ ਦਿੱਤਾ ਹੈ। ਨਾਸਾ ਨੇ 20 ਜਨਵਰੀ ਨੂੰ ਉਨ੍ਹਾਂ ਦੀ ਸੇਵਾਮੁਕਤੀ ਦਾ ਐਲਾਨ ਕੀਤਾ ਅਤੇ ਪੁਲਾੜ ਖੋਜ ਵਿਚ ਉਨ੍ਹਾਂ ਦੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ। ਸੁਨੀਤਾ ਵਿਲੀਅਮਜ਼ ਪਿਛਲੇ ਸਾਲ ਸਤੰਬਰ ਵਿਚ 60 ਸਾਲਾਂ ਦੇ ਹੋ ਗਏ ਅਤੇ ਆਪਣੇ ਕਰੀਅਰ ਵਿਚ ਤਿੰਨ ਵਾਰ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ਆਈ.ਐੱਸ.ਐੱਸ.) ਦੀ ਯਾਤਰਾ ਕਰ ਚੁੱਕੇ ਹਨ।

ਸੁਨੀਤਾ ਵਿਲੀਅਮਜ਼ ਨੇ ਹੁਣ ਤੱਕ ਪੁਲਾੜ ਵਿਚ 608 ਦਿਨ ਬਿਤਾਏ ਹਨ, ਜੋ ਕਿ ਕਿਸੇ ਵੀ ਨਾਸਾ ਪੁਲਾੜ ਯਾਤਰੀ ਦੁਆਰਾ ਬਿਤਾਇਆ ਗਿਆ ਦੂਜਾ ਸਭ ਤੋਂ ਵੱਧ ਸਮਾਂ ਹੈ। ਉਨ੍ਹਾਂ ਨੇ 286 ਦਿਨ ਲਗਾਤਾਰ ਪੁਲਾੜ ਉਡਾਣ ਵੀ ਪੂਰੀ ਕੀਤੀ। ਉਨ੍ਹਾਂ ਕੋਲ ਔਰਤਾਂ ਵਿਚ ਸਭ ਤੋਂ ਲੰਬੇ ਸਪੇਸਵਾਕ ਸਮੇਂ (62 ਘੰਟੇ ਅਤੇ 6 ਮਿੰਟ) ਦਾ ਰਿਕਾਰਡ ਵੀ ਹੈ।

ਨਾਸਾ ਦੇ ਪ੍ਰਸ਼ਾਸਕ ਜੇਰੇਡ ਇਸਾਕਮੈਨ ਨੇ ਕਿਹਾ ਕਿ ਸੁਨੀਤਾ ਵਿਲੀਅਮਜ਼ ਨੇ ਮਨੁੱਖੀ ਪੁਲਾੜ ਉਡਾਣ ਵਿਚ ਨਵੇਂ ਰਸਤੇ ਖੋਲ੍ਹੇ ਹਨ ਅਤੇ ਪੁਲਾੜ ਸਟੇਸ਼ਨ ‘ਤੇ ਆਪਣੀ ਅਗਵਾਈ ਨਾਲ ਭਵਿੱਖ ਦੇ ਮਿਸ਼ਨਾਂ ਨੂੰ ਮਜ਼ਬੂਤ ਕੀਤਾ ਹੈ। ਨਾਸਾ ਦੇ ਜੌਹਨਸਨ ਸਪੇਸ ਸੈਂਟਰ ਦੀ ਡਾਇਰੈਕਟਰ ਵੈਨੇਸਾ ਨੇ ਵੀ ਕਿਹਾ ਕਿ ਸੁਨੀਤਾ ਦਾ ਕੰਮ ਆਉਣ ਵਾਲੀਆਂ ਪੀੜ੍ਹੀਆਂ ਦੇ ਪੁਲਾੜ ਯਾਤਰੀਆਂ ਲਈ ਪ੍ਰੇਰਨਾ ਸਰੋਤ ਹੋਵੇਗਾ।

ਸੁਨੀਤਾ ਵਿਲੀਅਮਜ਼ ਦਾ ਜਨਮ ਯੂਕਲਿਡ, ਓਹਾਇਓ ‘ਚ ਹੋਇਆ ਸੀ। ਉਹ ਨੀਡਹੈਮ, ਮੈਸੇਚਿਉਸੇਟਸ ਨੂੰ ਆਪਣਾ ਜੱਦੀ ਸ਼ਹਿਰ ਮੰਨਦੀ ਹੈ। ਉਸਦੇ ਪਿਤਾ ਦਾ ਜਨਮ ਝੂਲਾਸਨ, ਗੁਜਰਾਤ ਦੇ ਮਹਿਸਾਣਾ ਜ਼ਿਲ੍ਹੇ ‘ਚ ਹੋਇਆ ਸੀ। ਹਾਲਾਂਕਿ ਉਹ ਬਾਅਦ ‘ਚ ਸੰਯੁਕਤ ਰਾਜ ਅਮਰੀਕਾ ਆ ਗਏ, ਜਿੱਥੇ ਉਨ੍ਹਾਂ ਨੇ ਬੋਨੀ ਪੰਡਯਾ ਨਾਲ ਵਿਆਹ ਕੀਤਾ, ਜੋ ਸਲੋਵੇਨੀਅਨ ਮੂਲ ਦੀ ਹੈ।

ਆਪਣੇ ਪੇਸ਼ੇਵਰ ਪੁਲਾੜ ਕੰਮ ਤੋਂ ਇਲਾਵਾ, ਵਿਲੀਅਮਜ਼ ਤੇ ਉਸਦੇ ਪਤੀ ਮਾਈਕਲ ਆਪਣੇ ਕੁੱਤਿਆਂ ਨਾਲ ਸਮਾਂ ਬਿਤਾਉਣ, ਕਸਰਤ ਕਰਨ, ਘਰਾਂ ਦੀ ਮੁਰੰਮਤ ਕਰਨ, ਕਾਰਾਂ ਤੇ ਹਵਾਈ ਜਹਾਜ਼ਾਂ ‘ਤੇ ਕੰਮ ਕਰਨ ਤੇ ਹਾਈਕਿੰਗ ਤੇ ਕੈਂਪਿੰਗ ਵਰਗੀਆਂ ਬਾਹਰੀ ਗਤੀਵਿਧੀਆਂ ‘ਚ ਹਿੱਸਾ ਲੈਣ ਦਾ ਆਨੰਦ ਮਾਣਦੇ ਹਨ।

ਸੁਨੀਤਾ ਵਿਲੀਅਮਜ਼ ਨੇ ਯੂ.ਐੱਸ. ਨੇਵਲ ਅਕੈਡਮੀ ਵਿਚ ਪੜ੍ਹਾਈ ਕੀਤੀ ਅਤੇ ਬਾਅਦ ਵਿਚ ਇੰਜੀਨੀਅਰਿੰਗ ਪ੍ਰਬੰਧਨ ਵਿਚ ਮਾਸਟਰ ਦੀ ਡਿਗਰੀ ਪ੍ਰਾਪਤ ਕੀਤੀ। ਉਹ ਇੱਕ ਸੇਵਾਮੁਕਤ ਅਮਰੀਕੀ ਜਲ ਸੈਨਾ ਕੈਪਟਨ ਅਤੇ ਇੱਕ ਤਜ਼ਰਬੇਕਾਰ ਪਾਇਲਟ ਹੈ, ਜਿਸਨੇ 4,000 ਤੋਂ ਵੱਧ ਉਡਾਣ ਘੰਟੇ ਪੂਰੇ ਕੀਤੇ ਹਨ।

2002 ‘ਚ, ਉਸਨੇ ਨਾਸਾ ਦੇ ਨੀਮੋ ਪ੍ਰੋਗਰਾਮ ‘ਚ ਹਿੱਸਾ ਲਿਆ, ਜਿੱਥੇ ਉਸਨੇ ਨੌਂ ਦਿਨ ਪਾਣੀ ਦੇ ਅੰਦਰ ਬਿਤਾਏ। ਸੁਨੀਤਾ ਵਿਲੀਅਮਜ਼ ਦਾ ਪੁਲਾੜ ‘ਚ ਕਰੀਅਰ 2006 ਨੂੰ ਸ਼ੁਰੂ ਹੋਇਆ ਸੀ। 9 ਦਸੰਬਰ, 2006 ਨੂੰ ਉਸਨੇ ਐੱਸ.ਟੀ.ਐੱਸ.-116 ਮਿਸ਼ਨ ਦੇ ਹਿੱਸੇ ਵਜੋਂ ਸਪੇਸ ਸ਼ਟਲ ਡਿਸਕਵਰੀ ‘ਤੇ ਸਵਾਰ ਹੋ ਕੇ ਸ਼ੁਰੂਆਤ ਕੀਤੀ। ਉਹ ਐੱਸ.ਟੀ.ਐੱਸ.-117 ਚਾਲਕ ਦਲ ਦੇ ਨਾਲ ਸਪੇਸ ਸ਼ਟਲ ਐਟਲਾਂਟਿਸ ‘ਤੇ ਵੀ ਵਾਪਸ ਆਈ। ਇਸ ਤੋਂ ਬਾਅਦ 2012 ‘ਚ, ਵਿਲੀਅਮਜ਼ ਨੇ ਕਜ਼ਾਕਿਸਤਾਨ ਦੇ ਬਾਈਕੋਨੂਰ ਕੋਸਮੋਡ੍ਰੋਮ ਤੋਂ ਐਕਸਪੀਡੀਸ਼ਨ 32 ਤੇ 33 ਦੇ ਹਿੱਸੇ ਵਜੋਂ 127 ਦਿਨਾਂ ਦੇ ਮਿਸ਼ਨ ਲਈ ਲਾਂਚ ਕੀਤਾ।

ਉਹ ਬਾਅਦ ‘ਚ ਐਕਸਪੀਡੀਸ਼ਨ 33 ਦੀ ਕਮਾਂਡਰ ਬਣ ਗਈ, ਜਿਸ ਨਾਲ ਉਹ ਆਈ.ਐੱਸ.ਐੱਸ. ਦੀ ਅਗਵਾਈ ਕਰਨ ਵਾਲੀਆਂ ਕੁਝ ਔਰਤਾਂ ‘ਚੋਂ ਇੱਕ ਬਣ ਗਈ। 2024 ਦਾ ਮਿਸ਼ਨ ਕਾਫ਼ੀ ਚੁਣੌਤੀਪੂਰਨ ਸੀ, ਜਦੋਂ ਉਹ ਅਤੇ ਉਸਦੀ ਟੀਮ ਬੋਇੰਗ ਸਟਾਰਲਾਈਨਰ ਪੁਲਾੜ ਯਾਨ ਵਿਚ ਤਕਨੀਕੀ ਨੁਕਸ ਕਾਰਨ ਲਗਭਗ ਨੌਂ ਮਹੀਨਿਆਂ ਲਈ ਆਈ.ਐੱਸ.ਐੱਸ. ‘ਤੇ ਫਸੇ ਰਹੇ। ਮਾਰਚ 2025 ਵਿਚ ਸੁਰੱਖਿਅਤ ਢੰਗ ਨਾਲ ਧਰਤੀ ‘ਤੇ ਵਾਪਸ ਆ ਗਏ। ਵਿਲੀਅਮਜ਼ ਦੇ ਮਿਸ਼ਨ ਨੂੰ ਪੂਰੀ ਦੁਨੀਆਂ ਨੇ ਨੇੜਿਓਂ ਦੇਖਿਆ। ਸੁਨੀਤਾ ਨੂੰ ਸ਼ੁਰੂ ਵਿਚ ਇਸ ਮਿਸ਼ਨ ‘ਤੇ ਥੋੜ੍ਹੇ ਸਮੇਂ ਲਈ ਭੇਜਿਆ ਗਿਆ ਸੀ, ਪਰ ਇੱਕ ਤਕਨੀਕੀ ਸਮੱਸਿਆ ਨੇ ਉਸਨੂੰ ਸਪੇਸ ਸਟੇਸ਼ਨ ‘ਤੇ ਲੰਬੇ ਸਮੇਂ ਲਈ ਰਹਿਣ ਲਈ ਮਜਬੂਰ ਕੀਤਾ। ਪੁਲਾੜ ਮਿਸ਼ਨਾਂ ਤੋਂ ਇਲਾਵਾ, ਵਿਲੀਅਮਜ਼ ਨੇ ਪੁਲਾੜ ਯਾਤਰੀ ਸਿਖਲਾਈ ਤੇ ਸੰਚਾਲਨ ‘ਚ ਵੀ ਮਹੱਤਵਪੂਰਨ ਯੋਗਦਾਨ ਪਾਇਆ।

ਹਾਲ ਹੀ ‘ਚ, ਉਸਨੇ ਭਵਿੱਖ ਵਿਚ ਚੰਦਰਮਾ ‘ਤੇ ਉਤਰਨ ਲਈ ਇੱਕ ਹੈਲੀਕਾਪਟਰ ਸਿਖਲਾਈ ਪ੍ਰੋਗਰਾਮ ਵਿਕਸਿਤ ਕਰਨ ਵਿਚ ਮੁੱਖ ਭੂਮਿਕਾ ਨਿਭਾਈ। ਉਹ ਇੱਕ ਅਮਰੀਕੀ ਦੁਆਰਾ ਸਭ ਤੋਂ ਲੰਬੇ ਸਿੰਗਲ ਸਪੇਸਫਲਾਈਟਾਂ ਦੀ ਸੂਚੀ ‘ਚ ਛੇਵੇਂ ਸਥਾਨ ‘ਤੇ ਹੈ, ਜੋ ਕਿ ਨਾਸਾ ਦੇ ਪੁਲਾੜ ਯਾਤਰੀ ਬੁੱਚ ਵਿਲਮੋਰ ਦੀ ਬਰਾਬਰੀ ਕਰਦੀ ਹੈ। ਦੋਵਾਂ ਨੇ ਨਾਸਾ ਦੇ ਬੋਇੰਗ ਸਟਾਰਲਾਈਨਰ ਤੇ ਸਪੇਸਐਕਸ ਕਰੂ-9 ਮਿਸ਼ਨਾਂ ਦੌਰਾਨ ਸਪੇਸਵਾਕ ‘ਚ 286 ਦਿਨ ਬਿਤਾਏ। ਵਿਲੀਅਮਜ਼ ਨੇ ਕੁੱਲ 62 ਘੰਟੇ ਤੇ 6 ਮਿੰਟ ਦੇ 9 ਸਪੇਸਵਾਕ ਪੂਰੇ ਕੀਤੇ ਹਨ। ਇਹ ਕਿਸੇ ਵੀ ਮਹਿਲਾ ਪੁਲਾੜ ਯਾਤਰੀ ਲਈ ਸਭ ਤੋਂ ਵੱਧ ਹੈ ਤੇ ਉਹ ਨਾਸਾ ਦੀ ਆਲ-ਟਾਈਮ ਸੂਚੀ ਵਿਚ ਚੌਥੇ ਸਥਾਨ ‘ਤੇ ਹੈ।

ਰਿਟਾਇਰਮੈਂਟ ‘ਤੇ, ਸੁਨੀਤਾ ਵਿਲੀਅਮਜ਼ ਨੇ ਕਿਹਾ ਕਿ ਪੁਲਾੜ ਉਸਦੀ ਪਸੰਦੀਦਾ ਜਗ੍ਹਾ ਰਹੀ ਹੈ ਅਤੇ ਨਾਸਾ ਵਿਚ ਬਿਤਾਇਆ ਸਮਾਂ ਉਸਦੇ ਲਈ ਸਨਮਾਨ ਦੀ ਗੱਲ ਹੈ। ਉਨ੍ਹਾਂ ਨੇ ਉਮੀਦ ਪ੍ਰਗਟ ਕੀਤੀ ਕਿ ਪੁਲਾੜ ਸਟੇਸ਼ਨ ‘ਤੇ ਉਸਦਾ ਕੰਮ ਚੰਦਰਮਾ ਅਤੇ ਮੰਗਲ ਗ੍ਰਹਿ ‘ਤੇ ਮਿਸ਼ਨਾਂ ਨੂੰ ਅੱਗੇ ਵਧਾਉਣ ਵਿਚ ਮਦਦ ਕਰੇਗਾ ਅਤੇ ਉਹ ਭਵਿੱਖ ਵਿਚ ਨਾਸਾ ਦੀਆਂ ਸਫਲਤਾਵਾਂ ਨੂੰ ਦੇਖਣ ਦੀ ਉਮੀਦ ਕਰਦੀ ਹੈ।

# TAKE CONTROL OF YOUR HEALTH!

PRIVATE, AFFORDABLE, & CONVENIENT

## 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME

ANYLABTEST NOW



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336

# Ghuman Law Group

GHUMAN LAW GROUP INC.

## ਤੁਹਾਡੇ ਲਈ ਲੈ ਕੇ ਆਏ ਨੇ AMERICA ਵਿੱਚ BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment

ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ






**GHUMAN LAW GROUP**
**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**



**ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ**

**ਪਰਿਵਾਰ ਸਮੇਤ 🇺🇸 ਆਉਣ ਦਾ ਵਧੀਆ ਮੌਕਾ**



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

**ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ**

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA

WE HAVE THE CHEAPEST FARES TO INDIA

# LEGEND TRAVEL

arc accredited agency

CST # 207524-40

Special Fares To India From West-coast (us) On Air India Direct Flights



JATINDER SINGH



LOWEST AIRFARES FROM USA TO INDIA

★Travel Insurance ★ Great last Minute Deals★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US

(510) 797-9010

USA OFFICE: 2450 PERALTA BLVD., STE 106-108, FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA

# ਧਾਰਾ 51ਏ(ਏ) ਰਾਸ਼ਟਰੀ ਗਾਨ ਦੇ ਸਤਿਕਾਰ ਨੂੰ ਇੱਕ ਬੁਨਿਆਦੀ ਫਰਜ਼ ਬਣਾਉਂਦੀ ਹੈ। ਰਾਸ਼ਟਰੀ ਸਨਮਾਨ ਦੇ ਅਪਮਾਨ ਦੀ ਰੋਕਥਾਮ ਐਕਟ,1971,ਵੀ ਰਾਸ਼ਟਰੀ ਗਾਨ ਅਤੇ ਰਾਸ਼ਟਰੀ ਝੰਡੇ ਤੱਕ ਸੀਮਿਤ ਹੈ, ਤਾਂ ਫਿਰ ਰਾਸ਼ਟਰੀ ਗਾਨ, ਵੰਦੇ ਮਾਤਰਮ ਕਿਉਂ ਨਹੀਂ?

ਵਿਸ਼ਵ ਪੱਧਰ 'ਤੇ,ਭਾਰਤ ਦੀ ਰਾਸ਼ਟਰੀ ਚੇਤਨਾ ਸਿਰਫ਼ ਭੂਗੋਲ ਜਾਂ ਸ਼ਕਤੀ ਦੁਆਰਾ ਨਹੀਂ, ਸਗੋਂ ਪ੍ਰਤੀਕਾਂ, ਭਾਵਨਾਵਾਂ ਅਤੇ ਸੱਭਿਆਚਾਰਕ ਚੇਤਨਾ ਦੁਆਰਾ ਆਕਾਰ ਪ੍ਰਾਪਤ ਕਰਦੀ ਹੈ। ਵੰਦੇ ਮਾਤਰਮ ਇੱਕ ਅਜਿਹਾ ਗੀਤ ਹੈ, ਜੋ ਭਾਰਤ ਦੇ ਆਜ਼ਾਦੀ ਸੰਘਰਸ਼ ਨੂੰ ਆਵਾਜ਼ ਦਿੰਦਾ ਹੈ, ਭਾਵਨਾਵਾਂ ਨੂੰ ਆਵਾਜ਼ ਦਿੰਦਾ ਹੈ ਅਤੇ ਜਨਤਾ ਨੂੰ ਇੱਕਜੁੱਟ ਕਰਦਾ ਹੈ। 2026 ਵਿੱਚ, ਜਦੋਂ ਭਾਰਤ ਆਪਣਾ 77ਵਾਂ ਗਣਤੰਤਰ ਦਿਵਸ ਮਨਾ ਰਿਹਾ ਹੈ ਅਤੇ ਕੇਂਦਰ ਸਰਕਾਰ ਵੰਦੇ ਮਾਤਰਮ ਦੀ 150ਵੀਂ ਵਰ੍ਹੇਗੰਢ ਮਨਾਉਣ ਲਈ ਸਾਲ ਭਰ ਚੱਲਣ ਵਾਲੇ ਜਸ਼ਨਾਂ ਦਾ ਆਯੋਜਨ ਕਰ ਰਹੀ ਹੈ, ਤਾਂ ਇਹ ਸਵਾਲ ਇੱਕ ਵਾਰ ਫਿਰ ਸਾਹਮਣੇ ਆਇਆ ਹੈ ਕਿ ਕੀ ਰਾਸ਼ਟਰੀ ਗੀਤ, ਵੰਦੇ ਮਾਤਰਮ, ਨੂੰ ਰਾਸ਼ਟਰੀ ਗੀਤ, ਜਨ ਗਣ ਮਨ ਵਾਂਗ ਹੀ ਰਸਮੀ ਦਰਜਾ ਅਤੇ ਪ੍ਰੋਟੋਕੋਲ ਦਿੱਤਾ ਜਾਣਾ ਚਾਹੀਦਾ ਹੈ। ਵੰਦੇ ਮਾਤਰਮ: ਸਿਰਫ਼ ਇੱਕ ਗੀਤ ਨਹੀਂ,ਸਗੋਂ ਆਜ਼ਾਦੀ ਸੰਗਰਾਮ ਦੀ ਆਤਮਾ ਵੰਦੇ ਮਾਤਰਮ ਦੀ ਰਚਨਾ 1870 ਦੇ ਦਹਾਕੇ ਵਿੱਚ ਬੰਕਿਮ ਚੰਦਰ ਚੈਟਰਜੀ ਦੁਆਰਾ ਕੀਤੀ ਗਈ ਸੀ। ਮੈਂ, ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ, ਗੋਂਡੀਆ, ਮਹਾਰਾਸ਼ਟਰ, ਦਾ ਮੰਨਣਾ ਹੈ ਕਿ ਇਹ ਗੀਤ ਸਿਰਫ਼ ਇੱਕ ਸਾਹਿਤਕ ਰਚਨਾ ਨਹੀਂ ਸੀ, ਸਗੋਂ ਬਸਤੀਵਾਦੀ ਜ਼ੁਲਮ ਦੇ ਯੁੱਗ ਵਿੱਚ ਉੱਭਰ ਰਹੀ ਰਾਸ਼ਟਰੀ ਚੇਤਨਾ ਦਾ ਐਲਾਨ ਸੀ। 1905 ਤੋਂ 1908 ਦੇ ਸਵਦੇਸ਼ੀ ਅੰਦੋਲਨ ਦੌਰਾਨ, ਇਹ ਗੀਤ ਇੱਕ ਨਾਅਰਾ ਬਣ ਗਿਆ।ਇਸ ਗੀਤ ਨੇ ਬ੍ਰਿਟਿਸ਼ਅਧਿਕਾਰੀਆਂ ਨੂੰ ਇੰਨਾ ਪਰੇਸ਼ਾਨ ਕੀਤਾ ਕਿ ਇਸ ਦੇ ਗਾਉਣ 'ਤੇ ਕਈ ਥਾਵਾਂ 'ਤੇ ਪਾਬੰਦੀ ਲਗਾ ਦਿੱਤੀ ਗਈ। ਇਸ ਤਰ੍ਹਾਂ, ਵੰਦੇ ਮਾਤਰਮ ਆਜ਼ਾਦੀ ਅੰਦੋਲਨ ਦੀ ਆਤਮਾ ਬਣ ਗਿਆ, ਜਿਸਨੇ ਲੱਖਾਂ ਭਾਰਤੀਆਂ ਨੂੰ ਕੁਰਬਾਨੀ, ਕੁਰਬਾਨੀ ਅਤੇ ਸੰਘਰਸ਼ ਲਈ ਪ੍ਰੇਰਿਤ ਕੀਤਾ। ਰਾਸ਼ਟਰੀ ਗਾਨ ਅਤੇ ਰਾਸ਼ਟਰੀ ਗੀਤ ਵਿਚਕਾਰ ਸੰਵਿਧਾਨਕ ਅੰਤਰ ਭਾਰਤੀ ਸੰਵਿਧਾਨ ਰਾਸ਼ਟਰੀ ਗਾਨ ਅਤੇ ਰਾਸ਼ਟਰੀ ਗੀਤ ਵਿਚਕਾਰ ਸਪੱਸ਼ਟ ਤੌਰ 'ਤੇ ਅੰਤਰ ਕਰਦਾ ਹੈ। ਜਨ ਗਣ ਮਨ ਨੂੰ ਅਧਿਕਾਰਤ ਤੌਰ 'ਤੇ ਰਾਸ਼ਟਰੀ ਗਾਨ ਦਾ ਦਰਜਾ ਪ੍ਰਾਪਤ ਹੈ, ਜਦੋਂ ਕਿ ਵੰਦੇ ਮਾਤਰਮ ਨੂੰ ਰਾਸ਼ਟਰੀ ਗੀਤ ਵਜੋਂ ਮਾਨਤਾ ਪ੍ਰਾਪਤ ਹੈ। ਸੰਵਿਧਾਨ ਦੇ ਅਨੁਛੇਦ 51ਏ(ਏ) ਦੇ ਤਹਿਤ, ਨਾਗਰਿਕਾਂ ਦਾ ਰਾਸ਼ਟਰੀ ਗਾਨ ਦਾ ਸਤਿਕਾਰ ਕਰਨਾ ਇੱਕ ਮੌਲਿਕ ਫਰਜ਼ ਹੈ। ਗ੍ਰਹਿ ਮੰਤਰਾਲੇ ਦੁਆਰਾ ਸਮੇਂ-ਸਮੇਂ 'ਤੇ ਇਸਦੇ ਪਾਠ, ਮਿਆਦ, ਪੇਸ਼ਕਾਰੀ ਅਤੇ ਸਤਿਕਾਰ ਸੰਬੰਧੀ ਨਿਯਮ ਜਾਰੀ ਕੀਤੇ ਗਏ ਹਨ। ਇਸ ਦੇ ਉਲਟ, ਵੰਦੇ ਮਾਤਰਮ ਦੇ ਨਾ ਤਾਂ ਸੰਵਿਧਾਨ ਵਿੱਚ ਸਪੱਸ਼ਟ ਉਪਬੰਧ ਹਨ ਅਤੇ ਨਾ ਹੀ ਇਸਦੇ ਗਾਉਣ ਜਾਂ ਸਤਿਕਾਰ ਨੂੰ ਨਿਯੰਤਰਿਤ ਕਰਨ ਵਾਲੇ ਕੋਈ ਬੰਧਨਕਾਰੀ ਕਾਨੂੰਨੀ ਨਿਯਮ ਹਨ।ਨਵੀਂ ਸਰਕਾਰੀ ਤਿਆਰੀਆਂ ਅਤੇ ਉੱਚ-ਪੱਧਰੀ ਮੀਟਿੰਗ ਹਾਲੀਆ ਮੀਡੀਆ ਰਿਪੋਰਟਾਂ ਦੇ ਅਨੁਸਾਰ, ਗ੍ਰਹਿ ਮੰਤਰਾਲੇ ਨੇ ਵੰਦੇ ਮਾਤਰਮ ਨੂੰ ਰਾਸ਼ਟਰੀ ਗਾਨ ਦਾ ਦਰਜਾ ਦੇਣ ਦੀ ਸੰਭਾਵਨਾ 'ਤੇ ਵਿਚਾਰ ਕਰਨ ਲਈ ਇੱਕ ਉੱਚ-ਪੱਧਰੀ ਮੀਟਿੰਗ ਬੁਲਾਈ। ਮੀਟਿੰਗ ਵਿੱਚ ਚਰਚਾ ਕੀਤੀ ਗਈ ਕਿ ਕੀ ਵੰਦੇ ਮਾਤਰਮ ਗਾਉਣ ਲਈ ਕੋਈ ਨਿਰਧਾਰਤ ਨਿਯਮ, ਆਚਾਰ ਸੰਹਿਤਾ ਜਾਂ ਪ੍ਰੋਟੋਕੋਲ ਹੋਣਾ ਚਾਹੀਦਾ ਹੈ। ਮੀਟਿੰਗ ਵਿੱਚ ਇਹ ਵੀ ਚਰਚਾ ਕੀਤੀ ਗਈ ਕਿ ਕੀ ਇਸ ਗੀਤ ਦੇ ਗਾਉਣ ਦੌਰਾਨ ਖੜ੍ਹੇ ਹੋਣਾ ਲਾਜ਼ਮੀ ਹੋਣਾ ਚਾਹੀਦਾ ਹੈ ਅਤੇ ਕੀ ਇਸਦੇ ਅਪਮਾਨ ਲਈ ਸਜ਼ਾ ਦੀਆਂ ਵਿਵਸਥਾਵਾਂ ਲਾਗੂ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

ਦੋਸਤੋ, ਜੇਕਰ ਅਸੀਂ 1971 ਦੇ ਐਕਟ ਅਤੇ ਇਸ ਦੀਆਂਸੀਮਾਵਾਂ 'ਤੇ ਵਿਚਾਰ ਕਰੀਏ, ਤਾਂ ਰਾਸ਼ਟਰੀ ਸਨਮਾਨ ਦੇ ਅਪਮਾਨ ਦੀ ਰੋਕਥਾਮ ਐਕਟ, 1971, ਰਾਸ਼ਟਰੀ ਗੀਤ, ਰਾਸ਼ਟਰੀ ਝੰਡੇ ਅਤੇ ਸੰਵਿਧਾਨ ਦੇ ਨਿਰਾਦਰ ਨੂੰ ਰੋਕਣ ਲਈ ਬਣਾਇਆ ਗਿਆ ਸੀ। ਇਸ ਕਾਨੂੰਨ ਦੇ ਤਹਿਤ, ਰਾਸ਼ਟਰੀ ਗੀਤ ਗਾਉਣ ਵਿੱਚ ਰੁਕਾਵਟ ਪਾਉਣਾ ਜਾਂ ਇਸਦਾ ਅਪਮਾਨ ਕਰਨਾ ਇੱਕ ਸਜ਼ਾਯੋਗ ਅਪਰਾਧ ਹੈ। ਹਾਲਾਂਕਿ, ਇਸ ਐਕਟ ਵਿੱਚ ਰਾਸ਼ਟਰੀ ਗੀਤ, ਵੰਦੇ ਮਾਤਰਮ ਲਈ ਕੋਈ ਸਪੱਸ਼ਟ ਦੰਡ ਉਪਬੰਧ ਨਹੀਂ ਹਨ। ਇਸੇ ਕਰਕੇ, ਸਾਲਾਂ ਤੋਂ, ਇਸ ਬਾਰੇ ਬਹਿਸ ਹੋ ਰਹੀ ਹੈ ਕਿ ਕੀ ਇਸ ਕਾਨੂੰਨ ਦੇ ਦਾਇਰੇ ਨੂੰ ਰਾਸ਼ਟਰੀ ਗੀਤ ਨੂੰ ਸ਼ਾਮਲ ਕਰਨ ਲਈ ਵਧਾਇਆ ਜਾਣਾ ਚਾਹੀਦਾ ਹੈ। ਪਿਛਲੇ ਕੁਝ ਸਾਲਾਂ ਵਿੱਚ, ਵੱਖ-ਵੱਖ ਹਾਈ ਕੋਰਟਾਂ ਅਤੇ ਸੁਪਰੀਮ ਕੋਰਟ ਵਿੱਚ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਹਨ ਜਿਸ ਵਿੱਚ ਰਾਸ਼ਟਰੀ ਗੀਤ ਗਾਉਣ ਲਈ ਇੱਕ ਸਪੱਸ਼ਟ ਢਾਂਚਾ ਦੀ ਮੰਗ ਕੀਤੀ ਗਈ ਹੈ। ਪਟੀਸ਼ਨਕਰਤਾਵਾਂ ਦਾ ਤਰਕ ਹੈ ਕਿ ਕਿਉਂਕਿ ਵੰਦੇ ਮਾਤਰਮ ਨੂੰ ਰਾਸ਼ਟਰੀ ਗੀਤ ਦਾ ਦਰਜਾ ਪ੍ਰਾਪਤ ਹੈ, ਇਸ ਲਈ ਇਸਦੇ ਸਤਿਕਾਰ ਅਤੇ ਅਪਮਾਨ ਬਾਰੇ ਕਾਨੂੰਨੀ ਸਪੱਸ਼ਟਤਾ ਹੋਣੀ ਚਾਹੀਦੀ ਹੈ। ਦੂਜੇ ਪਾਸੇ, ਕੁਝ ਪਟੀਸ਼ਨਾਂ ਵਿੱਚ ਇਹ ਵੀ ਚਿੰਤਾ ਪ੍ਰਗਟ ਕੀਤੀ ਗਈ ਹੈ ਕਿ ਇੱਕ ਲਾਜ਼ਮੀ ਜ਼ਰੂਰਤ ਲਗਾਉਣਾ ਵਿਅਕਤੀਗਤ ਆਜ਼ਾਦੀ ਅਤੇ ਧਾਰਮਿਕ ਵਿਭਿੰਨਤਾ ਦੇ ਸਿਧਾਂਤਾਂ ਦੇ ਵਿਰੁੱਧ ਹੋ ਸਕਦਾ ਹੈ।

ਦੋਸਤੋ, ਜੇਕਰ ਅਸੀਂ ਖੜ੍ਹੇ ਹੋਣ ਦੇ ਸਵਾਲ 'ਤੇ ਵਿਚਾਰ ਕਰੀਏ: ਸਤਿਕਾਰ ਜਾਂ ਜ਼ਿੰਮੇਵਾਰੀ? ਰਾਸ਼ਟਰੀ ਗੀਤ ਦੌਰਾਨ ਖੜ੍ਹੇ ਹੋਣਾ ਇੱਕ ਕਾਨੂੰਨੀ ਅਤੇ ਸਮਾਜਿਕ ਤੌਰ 'ਤੇ ਸਥਾਪਿਤ ਆਦਰਸ਼ ਹੈ। ਇਸ ਪਿੱਛੇ ਤਰਕ ਇਹ ਹੈ ਕਿ ਰਾਸ਼ਟਰੀ ਗੀਤ ਪ੍ਰਭੂਸੱਤਾ ਅਤੇ ਰਾਸ਼ਟਰੀ ਏਕਤਾ ਦਾ ਪ੍ਰਤੀਕ ਹੈ। ਹਾਲਾਂਕਿ, ਵੰਦੇ ਮਾਤਰਮ ਦੇ ਮਾਮਲੇ ਵਿੱਚ ਸਥਿਤੀ ਵੱਖਰੀ ਹੈ। ਇਤਿਹਾਸਕ ਤੌਰ 'ਤੇ, ਇਸ ਗੀਤ ਦੇ ਕੁਝ ਬੋਲਾਂ 'ਤੇ ਧਾਰਮਿਕ ਇਤਰਾਜ਼ ਉਠਾਏ ਗਏ ਹਨ, ਖਾਸ ਕਰਕੇ ਕੁਝ ਘੱਟ ਗਿਣਤੀ ਭਾਈਚਾਰਿਆਂ ਦੁਆਰਾ। ਇਸ ਕਾਰਨ ਕਰਕੇ, ਸੰਵਿਧਾਨ ਸਭਾ ਨੇ ਇਸਨੂੰ ਰਾਸ਼ਟਰੀ ਗੀਤ ਦੇ ਬਰਾਬਰ ਕਾਨੂੰਨੀ ਦਰਜਾ ਨਹੀਂ ਦਿੱਤਾ। ਜੇਕਰ ਹੁਣ ਖੜ੍ਹੇ ਹੋਣਾ ਲਾਜ਼ਮੀ ਕਰ ਦਿੱਤਾ ਜਾਂਦਾ ਹੈ, ਤਾਂ ਸਵਾਲ ਉੱਠਦਾ ਹੈ: ਕੀ ਇਹ ਸਵੈ-ਇੱਛਤ ਸਤਿਕਾਰ ਦੀ ਬਜਾਏ ਜ਼ਬਰਦਸਤੀ ਰਾਸ਼ਟਰਵਾਦ ਨੂੰ ਜਨਮ ਦੇਵੇਗਾ?

ਦੋਸਤੋ, ਜੇਕਰ ਅਸੀਂ ਇਸ ਮੁੱਦੇ ਨੂੰ ਰਾਜਨੀਤਿਕ ਅਤੇ ਵਿਚਾਰਧਾਰਕ ਦ੍ਰਿਸ਼ਟੀਕੋਣ ਤੋਂ ਵਿਚਾਰੀਏ, ਤਾਂ ਸੱਤਾਧਾਰੀ ਪਾਰਟੀ ਕਹਿੰਦੀ ਹੈ ਕਿ ਇਹ ਪਹਿਲ ਵੰਦੇ ਮਾਤਰਮ ਪ੍ਰਤੀ ਸਤਿਕਾਰ ਵਧਾਉਣ ਅਤੇ ਰਾਸ਼ਟਰੀ ਏਕਤਾ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਹੈ। ਪਾਰਟੀ ਇਸਨੂੰ ਸੱਭਿਆਚਾਰਕ ਰਾਸ਼ਟਰਵਾਦ ਦੇ ਸੰਦਰਭ ਵਿੱਚ ਦੇਖਦੀ ਹੈ। ਵਿਰੋਧੀ ਪਾਰਟੀਆਂ ਅਤੇ ਕੁਝ ਸਿਵਲ ਸੋਸਾਇਟੀ ਸਮੂਹਾਂ ਨੇ ਇਸ ਕਦਮ 'ਤੇ ਰਾਜਨੀਤਿਕ ਲਾਭ ਲਈ ਭਾਵਨਾਤਮਕ ਮੁੱਦਿਆਂ ਦਾ ਸ਼ੋਸ਼ਣ ਕਰਨ ਦਾ ਦੋਸ਼ ਲਗਾਇਆ ਹੈ, ਇਹ ਦਲੀਲ ਦਿੱਤੀ ਹੈ ਕਿ ਦੇਸ਼ ਭਗਤੀ ਕਾਨੂੰਨ ਤੋਂ ਨਹੀਂ, ਭਾਵਨਾਵਾਂ ਤੋਂ ਪੈਦਾ ਹੁੰਦੀ ਹੈ।

ਦੋਸਤੋ, ਜੇਕਰ ਅਸੀਂ ਇਸ ਮੁੱਦੇ ਨੂੰ ਅੰਤਰਰਾਸ਼ਟਰੀ ਦ੍ਰਿਸ਼ਟੀਕੋਣ ਤੋਂ ਵਿਚਾਰੀਏ: ਪ੍ਰਤੀਕ ਅਤੇ ਆਜ਼ਾਦੀ, ਤਾਂ ਦੁਨੀਆ ਭਰ ਦੇ ਬਹੁਤ ਸਾਰੇ ਲੋਕਤੰਤਰੀ ਦੇਸ਼ਾਂ ਵਿੱਚ ਰਾਸ਼ਟਰੀ ਪ੍ਰਤੀਕਾਂ ਦੇ ਸਤਿਕਾਰ ਨੂੰ ਨਿਯੰਤਰਿਤ ਕਰਨ ਵਾਲੇ ਨਿਯਮ ਹਨ, ਪਰ ਉੱਥੇ ਵੀ, ਵਿਅਕਤੀਗਤ ਆਜ਼ਾਦੀ 'ਤੇ ਵਿਚਾਰ ਕੀਤਾ ਜਾਂਦਾ ਹੈ। ਸੰਯੁਕਤ ਰਾਜ ਅਮਰੀਕਾ ਵਿੱਚ, ਰਾਸ਼ਟਰੀ ਗੀਤ ਦੌਰਾਨ ਖੜ੍ਹੇ ਹੋਣਾ ਇੱਕ ਸਮਾਜਿਕ ਪਰੰਪਰਾ ਹੈ, ਕਾਨੂੰਨੀ ਜ਼ਿੰਮੇਵਾਰੀ ਨਹੀਂ। ਯੂਰਪੀਅਨ ਦੇਸ਼ਾਂ ਵਿੱਚ ਵੀ ਸਤਿਕਾਰ ਦੀ ਉਮੀਦ ਕੀਤੀ ਜਾਂਦੀ ਹੈ, ਪਰ ਸਜ਼ਾ ਦੇ ਪ੍ਰਬੰਧ ਸੀਮਤ ਹਨ। ਜੇਕਰ ਭਾਰਤ ਵੰਦੇ ਮਾਤਰਮ ਲਈ ਸਖ਼ਤ ਕਾਨੂੰਨੀ ਨਿਯਮ ਲਾਗੂ ਕਰਦਾ ਹੈ, ਤਾਂ ਇਹ ਵਿਸ਼ਵਵਿਆਪੀ ਲੋਕਤੰਤਰੀ ਮਾਪਦੰਡਾਂ ਨਾਲ ਸੰਤੁਲਨ ਦਾ ਸਵਾਲ ਉਠਾਏਗਾ। ਇਹ ਪੂਰੀ ਬਹਿਸ ਸੰਵਿਧਾਨ ਅਤੇ ਸੱਭਿਆਚਾਰਕ ਕਦਰਾਂ- ਕੀਮਤਾਂ ਵਿਚਕਾਰ ਸੰਤੁਲਨ ਬਾਰੇ ਹੈ। ਸੰਵਿਧਾਨ ਨਾਗਰਿਕਾਂ ਨੂੰ ਪ੍ਰਗਟਾਵੇ ਦੀ ਆਜ਼ਾਦੀ ਦਿੰਦਾ ਹੈ, ਜਦੋਂ ਕਿ ਰਾਸ਼ਟਰੀ ਪ੍ਰਤੀਕਾਂ ਦਾ ਸਤਿਕਾਰ ਰਾਸ਼ਟਰ ਦੀ ਸ਼ਾਨ ਨਾਲ ਜੁੜਿਆ ਹੋਇਆ ਹੈ। ਵੰਦੇ ਮਾਤਰਮ ਇੱਕ ਭਾਵਨਾਤਮਕ ਤੌਰ 'ਤੇ ਸ਼ਕਤੀਸ਼ਾਲੀ ਗੀਤ ਹੈ, ਪਰ ਇਸਨੂੰ ਕਾਨੂੰਨੀ ਲੋੜ ਬਣਾਉਣਾ ਇੱਕ ਸੰਵੇਦਨਸ਼ੀਲ ਕਦਮ ਹੋਵੇਗਾ। ਮਾਹਿਰਾਂ ਦਾ ਮੰਨਣਾ ਹੈ ਕਿ ਸਜ਼ਾ ਦੇ ਕਾਨੂੰਨ ਬਣਾਉਣ ਦੀ ਬਜਾਏ, ਸਰਕਾਰ ਨੂੰ ਸਪੱਸ਼ਟ ਦਿਸ਼ਾ-ਨਿਰਦੇਸ਼ ਜਾਰੀ ਕਰਨੇ ਚਾਹੀਦੇ ਹਨ, ਜਿਵੇਂ ਕਿ ਕਿਹੜੇ ਮੌਕਿਆਂ 'ਤੇ ਵੰਦੇ ਮਾਤਰਮ ਗਾਇਆ ਜਾਣਾ ਚਾਹੀਦਾ ਹੈ,ਗੀਤ ਦੌਰਾਨ ਕਿਹੜਾ ਸਤਿਕਾਰਯੋਗ ਵਿਵਹਾਰ ਦੇਖਿਆ ਜਾਣਾ ਚਾਹੀਦਾ ਹੈ, ਅਤੇ ਇਸਨੂੰ ਲਾਜ਼ਮੀ ਬਣਾਏ ਬਿਨਾਂ ਰਾਸ਼ਟਰੀ ਗੀਤ ਦੇ ਨਾਲ ਕਿਵੇਂ ਸਤਿਕਾਰਿਆ ਜਾਣਾ ਚਾਹੀਦਾ ਹੈ। ਇਸ ਨਾਲ ਸਤਿਕਾਰ ਵਧੇਗਾ ਅਤੇ ਵਿਵਾਦ ਘੱਟ ਹੋਵੇਗਾ। 26 ਜਨਵਰੀ, 2026 ਲਈ ਵੰਦੇ ਮਾਤਰਮ ਨੂੰ ਥੀਮ ਬਣਾਉਣਾ ਪ੍ਰਤੀਕਾਤਮਕ ਤੌਰ 'ਤੇ ਮਹੱਤਵਪੂਰਨ ਹੈ। ਇਹ ਭਾਰਤ ਦੀ ਇਤਿਹਾਸਕ ਯਾਦ ਅਤੇ ਆਧੁਨਿਕ ਰਾਸ਼ਟਰ-ਰਾਜ ਨੂੰ ਜੋੜਦਾ ਹੈ। ਜੇਕਰ ਸਰਕਾਰ ਇਸ ਮੌਕੇ ਨੂੰ ਸੰਵਾਦ, ਸਹਿਮਤੀ ਅਤੇ ਸੰਵਿਧਾਨਕ ਕਦਰਾਂ-ਕੀਮਤਾਂ ਨਾਲ ਜੋੜਦੀ ਹੈ, ਤਾਂ ਵੰਦੇ ਮਾਤਰਮ ਸਿਰਫ਼ ਇੱਕ ਗੀਤ ਨਹੀਂ ਸਗੋਂ ਰਾਸ਼ਟਰੀ ਏਕਤਾ ਦਾ ਸਾਂਝਾ ਪ੍ਰਤੀਕ ਬਣ ਸਕਦਾ ਹੈ।

ਇਸ ਲਈ, ਜੇਕਰ ਅਸੀਂ ਉਪਰੋਕਤ ਪੂਰੇ ਬਿਰਤਾਂਤ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਪਾਵਾਂਗੇ ਕਿ ਵੰਦੇ ਮਾਤਰਮ ਨੂੰ ਰਾਸ਼ਟਰੀ ਗੀਤ ਦੇ ਸਮਾਨ ਪ੍ਰੋਟੋਕੋਲ ਦੇਣ ਦੀ ਬਹਿਸ ਸਿਰਫ਼ ਕਾਨੂੰਨੀ ਨਹੀਂ ਹੈ, ਸਗੋਂ ਭਾਵਨਾਤਮਕ, ਇਤਿਹਾਸਕ ਅਤੇ ਵਿਚਾਰਧਾਰਕ ਵੀ ਹੈ। ਸਵਾਲ ਸਿਰਫ਼ ਇਹ ਨਹੀਂ ਹੈ ਕਿ ਖੜ੍ਹੇ ਹੋਣਾ ਹੈ ਜਾਂ ਨਹੀਂ,ਸਗੋਂ ਇਹ ਹੈ ਕਿ ਭਾਰਤ ਆਪਣੇ ਰਾਸ਼ਟਰਵਾਦ ਨੂੰ ਕਿਵੇਂ ਪਰਿਭਾਸ਼ਿਤ ਕਰਦਾ ਹੈ ਭਾਵੇਂ ਲਾਜ਼ਮੀ ਜਾਂ ਸਵੈ-ਇੱਛਤ ਸਤਿਕਾਰ ਦੁਆਰਾ। ਜੇਕਰ ਇਹ ਸੰਤੁਲਨ ਪ੍ਰਾਪਤ ਹੋ ਜਾਂਦਾ ਹੈ, ਤਾਂ ਵੰਦੇ ਮਾਤਰਮ ਆਪਣੀ ਇਤਿਹਾਸਕ ਸ਼ਾਨ ਨੂੰ ਬਣਾਈ ਰੱਖਦੇ ਹੋਏ ਆਧੁਨਿਕ ਭਾਰਤ ਦੀ ਲੋਕਤੰਤਰੀ ਆਤਮਾ ਦਾ ਪ੍ਰਤੀਕ ਬਣ ਸਕਦਾ ਹੈ।




RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD
TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280


SAMRA
REAL ESTATE GROUP
LET US GUIDE YOU HOME
ਘਰ ਖਰੀਦਣ ਜਾਂ ਵੇਚਣ ਦੇ
ਚਾਹਵਾਨ ਇੱਕ ਵਾਰ
ਸਾਨੂੰ ਜਰੂਰ ਮਿਲੋ
COMMERCIAL
and
RESIDENTIAL
industrial
Agriculture Land
Liquor Stores
Gas Stations
Apartments,
Commercial Buildings ਖਰੀਦਣ ਜਾਂ ਵੇਚਣ ਲਈ ਮਿਲੋ
Jass Samra
REALTOR BROKER
Residential &
Commercial
(317) 513-9456
jsamra@jassamra.com
www.jassamra.com
8555 N. River Rd. Suite
200 Indianapolis, IN 46240
Real Estate Lic Number Each Office Independently Owned And Operated
REALTOR



ATWAL
IMMIGRATION SERVICES
ATWAL
TAX & IMMIGRATION
SERVICES
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682

# ਪੰਜਾਬ ਵਿੱਚ ਵਧ ਰਿਹੈ ਜੀਭ ਵਾਲੀ ਗੋਲੀ ਦਾ ਅਮਲ

ਨਸ਼ਾ ਧਰਤੀ ਤੇ ਮਨੁੱਖੀ ਸੱਭਿਅਤਾ ਜਿੰਨਾ ਹੀ ਪੁਰਾਣਾ ਹੈ ਜਿਵੇਂ ਜਿਵੇਂ ਮਨੁੱਖੀ ਸੱਭਿਅਤਾ ਦਾ ਉਥਾਨ ਹੋਇਆ ਹੈ ਉਸ ਤਰ੍ਹਾਂ ਹੀ ਨਸ਼ੇ ਨੇ ਵੀ ਹਰ ਸਦੀ ਵਿੱਚ ਆਪਣਾ ਰੂਪ ਬਦਲਿਆ ਹੈ। ਪ੍ਰਾਚੀਨ ਕਾਲ ਵਿੱਚ ਮਨੁੱਖ ਕੁਝ ਜੜੀਂ ਬੂਟੀਆਂ ਨੂੰ ਨਸ਼ੇ ਦੇ ਤੌਰ ਤੇ ਵਰਤਦਾ ਸੀ। ਉਸ ਤੋਂ ਬਾਅਦ ਪੋਸਤ ਭੰਗ ਤੇ ਸ਼ਰਾਬ ਆਦਿ ਨਸ਼ੇ ਆਏ। ਫਿਰ ਮੱਧ ਕਾਲ ਵਿੱਚ ਜਦੋਂ ਇੱਕ ਦੇਸ਼ ਦਾ ਦੂਜੇ ਦੇਸ਼ਾਂ ਨਾਲ ਆਪਸੀ ਵਪਾਰ ਹੋਣ ਲੱਗਾ ਤਾਂ ਨਸ਼ਾ ਵਪਾਰ ਦਾ ਹਿੱਸਾ ਬਣ ਗਿਆ ਤੇ ਨਸ਼ੇ ਇੱਕ ਦੇਸ਼ ਤੋਂ ਦੂਜੇ ਦੇਸ਼ ਵਿੱਚ ਸਪਲਾਈ ਹੋਣ ਲੱਗੇ॥ ਇਸ ਨਸ਼ੇ ਦੇ ਵਪਾਰ ਕਰਕੇ ਹੀ ਮੱਧ ਕਾਲ ਵਿੱਚ ਕੁਝ ਯੁੱਧ ਵੀ ਹੋਏ ਹਨ। ਪਰ ਜੇਕਰ ਅੱਜ ਦੇ ਸਮੇਂ ਦੇ ਸੰਦਰਭ ਵਿੱਚ ਵੇਖਿਆ ਜਾਵੇ ਤਾਂ ਨਸ਼ਾ ਕਿਸੇ ਇੱਕ ਦੇਸ਼ ਦੀ ਸਮੱਸਿਆ ਨਹੀਂ ਬਲਕਿ ਸਾਰੀ ਦੁਨੀਆਂ ਦੇ ਦੇਸ਼ਾਂ ਦੀ ਸਮੱਸਿਆ ਬਣਿਆ ਹੋਇਆ ਹੈ। ਪੰਜਾਬ ਵਿੱਚ ਵੀ ਪੁਰਾਣੇ ਸਮੇਂ ਤੋਂ ਪੋਸਤ, ਭੰਗ ਆਦਿ ਜਿਹੇ ਰਿਵਾਇਤੀ ਨਸ਼ੇ ਦੀ ਵਰਤੋਂ ਹੁੰਦੀ ਰਹੀ ਹੈ। ਪਰ ਵੀਹਵੀਂ ਸਦੀ ਦੇ ਅਖ਼ੀਰਲੇ ਦਹਾਕਿਆਂ ਵਿੱਚ ਪੰਜਾਬ ਅੰਦਰ ਸਿੰਥੈਟਿਕ ਨਸ਼ਿਆਂ ਦੀ ਵਰਤੋਂ ਹੋਣ ਲੱਗੀ ਜਿਸ ਨੇ ਇੱਥੋਂ ਦੀ ਨੌਜਵਾਨ ਪੀੜ੍ਹੀ ਤੇ ਬਹੁਤ ਬੁਰਾ ਪ੍ਰਭਾਵ ਪਾਇਆ। ਪੰਜਾਬ ਅੰਦਰ ਇਨ੍ਹਾਂ ਨਸ਼ਿਆਂ ਨੂੰ ਖ਼ਤਮ ਕਰਨ ਲਈ ਭਾਵੇਂ ਹਰ ਸਰਕਾਰ ਨੇ ਹੁਣ ਤੱਕ ਬਹੁਤ ਯਤਨ ਕੀਤੇ ਹਨ ਪਰ ਇਹਨਾਂ ਮਾਰੂ ਨਸ਼ਿਆਂ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਵਿੱਚ ਅਜੇ ਤੱਕ ਕੋਈ ਵੀ ਸਰਕਾਰ ਕਾਮਯਾਬ ਨਹੀਂ ਹੋਈ ਹੈ। ਇਸ ਤਰ੍ਹਾਂ ਹੀ ਪੰਜਾਬ ਵਿੱਚ ਨਸ਼ੇ ਨੂੰ ਠੱਲ੍ਹ ਪਾਉਣ ਲਈ ਪਿਛਲੀ ਸਰਕਾਰ ਨੇ ਨਸ਼ਾ ਗ੍ਰਸਤ ਲੋਕਾਂ ਨੂੰ ਨਸ਼ਾ ਛੁਡਾਉਣ ਲਈ ਓਟ, "ਅਠ ੌਟਪਓਿਟਇਨਟ "ਪਿੌਦ ਅਸਸਿਸਟਇਦ ਠਰਏਟਮਏਨਟ) ਸੈਂਟਰਾ ਦੀ ਸਥਾਪਨਾ ਕੀਤੀ ਸੀ। ਇਹਨਾਂ ਸੈਂਟਰਾਂ ਦੀ ਖ਼ਾਸੀਅਤ ਇਹ ਹੈ ਕਿ ਇੱਥੇ ਮਰੀਜ਼ ਨੂੰ ਬਿਨਾਂ ਦਾਖ਼ਲ ਕੀਤਿਆਂ ਨਸ਼ਾ ਛੁਡਾਇਆ ਜਾਂਦਾ ਹੈ। ਇੱਥੇ ਮਿਲਣ ਵਾਲੀ ਦਵਾਈ ਬੁਫਰੋਨੌਰਫਿਨ (ਭੁਪਰਏਨੋਰਪਹਿਨਏ) ਹੈ ਜਿਸ ਨੂੰ ਆਮ ਬੋਲਚਾਲ ਦੀ ਭਾਸ਼ਾ ਵਿੱਚ ਲੋਕ ਜੀਭ ਵਾਲੀ ਗੋਲੀ ਕਹਿੰਦੇ ਹਨ। ਇਸ ਗੋਲੀ ਨੂੰ ਜੀਭ ਹੇਠਾਂ ਰੱਖਿਆ ਜਾਂਦਾ ਹੈ ਤੇ ਕੁਝ ਮਿੰਟਾਂ ਵਿੱਚ ਮਰੀਜ਼ ਦੇ ਨਰਵਸ ਸਿਸਟਮ ਤੇ ਅਸਰ ਕਰਦੀ ਹੈ ਜਿਸ ਨਾਲ ਮਰੀਜ਼ ਨੂੰ ਨਸ਼ਾ ਨਾ ਮਿਲਣ ਤੇ ਲੱਗਣ ਵਾਲੀ ਤੋੜ ਨਹੀਂ ਲੱਗਦੀ ਹੈ। ਡਾਕਟਰੀ ਵਿਗਿਆਨ ਵਿੱਚ ਇਸ ਗੋਲੀ (ਬੁਪ੍ਰੇਨੋਰਫਿਨ) ਦੀ ਵਰਤੋਂ ਉਨ੍ਹਾਂ ਮਰੀਜ਼ਾਂ ਲਈ ਕੀਤੀ ਜਾਂਦੀ ਹੈ ਜੋ ਹੈਰੋਇਨ ਜਾਂ ਹੋਰ ਭਾਰੀ ਨਸ਼ਿਆਂ ਦੇ ਆਦੀ ਹੁੰਦੇ ਹਨ। ਇਸ ਦਾ ਮਕਸਦ ਨਸ਼ੇ ਦੀ ਤੋੜ (ਿਟਿਹਦਰਓਾਿਲ ਸੇਮਪਟੋਮਸ) ਨੂੰ ਘਟਾਉਣਾ ਹੁੰਦਾ ਹੈ। ਪਰ ਬਦਕਿਸਮਤੀ ਨਾਲ ਅੱਜ ਦੇ ਸਮੇਂ ਵਿੱਚ ਬਹੁਤ ਸਾਰੇ ਨੌਜਵਾਨਾਂ ਨੇ ਇਸ ਗੋਲੀ ਨੂੰ ਨਸ਼ੇ ਦੇ ਬਦਲ ਵਜੋਂ ਅਪਣਾ ਲਿਆ ਹੈ। ਇੱਕ ਤਾਂ ਇਹ ਇਹ ਸਸਤੀ ਮਿਲ ਜਾਂਦੀ ਹੈ ਅਤੇ ਦੂਜਾ ਇਸ ਨੂੰ ਰੱਖਣਾ ਜਾਂ ਵਰਤਣਾ ਸੌਖਾ ਹੈ, ਇਸ ਲਈ ਇਹ 'ਜੀਭ ਵਾਲੀ ਗੋਲੀ' ਹੁਣ ਗਲੀਆਂ-ਮੋੜਾਂ 'ਤੇ ਆਮ ਵਿਕਣ ਲੱਗੀ ਹੈ। ਸਰਕਾਰ ਨੇ ਇਹ ਗੋਲੀ ਇਸ ਮਕਸਦ ਨਾਲ ਸ਼ੁਰੂ ਕੀਤੀ ਸੀ ਕਿ ਨਸ਼ਾ ਗ੍ਰਸਤ ਮਰੀਜ਼ਾਂ ਨੂੰ ਗੋਲੀ ਤੇ ਲਗਾ ਕੇ ਫਿਰ ਉਸ ਤੋਂ ਬਾਅਦ ਮਰੀਜ਼ਾਂ ਨੂੰ ਇਸ ਗੋਲੀ ਦੀ ਮਾਤਰਾ ਹੌਲੀ ਹੌਲੀ ਘਟਾ ਕੇ ਨਸ਼ੇ ਤੋਂ ਛੁਟਕਾਰਾ ਦਿਵਾਇਆ ਜਾਵੇਗਾ। ਪਰ ਪਿਛਲੇ ਸਾਲਾਂ ਵਿੱਚ ਦੇਖਣ ਵਿੱਚ ਆਇਆ ਹੈ ਕਿ ਮਰੀਜ਼ ਇਸ ਜੀਭ ਵਾਲੀ ਗੋਲੀ ਨੂੰ ਛੱਡ ਨਹੀਂ ਰਹੇ ਹਨ ਸਗੋਂ ਉਹ ਇਸਦੇ ਆਦੀ ਬਣਦੇ ਜਾ ਰਹੇ ਹਨ। ਉਹ ਇਸ ਗੋਲੀ ਨੂੰ ਨਸ਼ੇ ਦੇ ਬਦਲ ਵਜੋਂ ਵਰਤ ਰਹੇ ਹਨ। ਇਹਨਾਂ ਓਟ ਸੈਂਟਰਾਂ ਵਿੱਚ ਲਗਾਤਾਰ ਮਰੀਜ਼ਾਂ ਦੀ ਵਧਦੀ ਗਿਣਤੀ ਇਸ ਗੱਲ ਵੱਲ ਇਸ਼ਾਰਾ ਕਰਦੀ ਹੈ ਕਿ ਪੰਜਾਬੀ ਇਸ ਜੀਭ ਵਾਲੀ ਗੋਲੀ ਦੇ ਅਮਲ ਤੇ ਲੱਗਦੇ ਜਾ ਰਹੇ ਹਨ। ਉਹ ਨਸ਼ੇ ਛੁਡਾਉਣ ਵਾਲੀ ਗੋਲੀ ਦੇ ਹੀ ਆਦੀ ਬਣ ਗਏ ਹਨ। ਪੰਜਾਬ ਵਿੱਚ ਇਸ ਵੇਲੇ ਲਗਭਗ 500 ਤੋਂ ਉੱਪਰ ਸਰਕਾਰੀ "ਅਠ ਸੈਂਟਰ (ਕਲੀਨਿਕ) ਕੰਮ ਕਰ ਰਹੇ ਹਨ। ਜਿਨ੍ਹਾਂ ਵਿੱਚੋਂ ਹੁਣ ਤੱਕ ਲਗਭਗ 10 ਲੱਖ ਮਰੀਜ਼ ਰਜਿਸਟਰ ਹੋ ਚੁੱਕੇ ਹਨ ਤੇ ਇਹ ਗਿਣਤੀ ਵਧਦੀ ਜਾ ਰਹੀ ਹੈ। ਇੱਥੇ ਇਸ ਗੱਲ ਦਾ ਵੀ ਜ਼ਿਕਰ ਕਰਨਾ ਬਣਦਾ ਹੈ ਕਿ ਇਸ ਗੋਲੀ ਦੀ ਲਗਾਤਾਰ ਵਰਤੋਂ ਸਰੀਰ ਤੇ ਬਹੁਤ ਬੁਰੇ ਪ੍ਰਭਾਵ ਪਾਉਂਦੀ ਹੈ। ਇਸ ਗੋਲੀ ਦੀ ਜ਼ਿਆਦਾ ਵਰਤੋਂ ਸਾਹ ਦੀ ਸਮੱਸਿਆ ਪੈਦਾ ਕਰਦੀ ਹੈ ਜਿਸ ਨਾਲ ਸਾਹ ਦੀ ਗਤੀ ਦਾ ਹੌਲੀ ਹੋਣਾ ਹੈ। ਜੇਕਰ ਇੱਕ ਵਾਰ ਵਿੱਚ ਇਸਨੂੰ ਜ਼ਿਆਦਾ ਮਾਤਰਾ (ੌਵਏਰਦੋਸਏ) ਵਿੱਚ ਲਿਆ ਜਾਵੇ ਤਾਂ ਸਾਹ ਰੁਕ ਸਕਦਾ ਹੈ ਜੋ ਮੌਤ ਦਾ ਕਾਰਨ ਬਣ ਸਕਦਾ ਹੈ। ਇਸ ਤੋਂ ਇਲਾਵਾ ਇਸ ਦੇ ਲਗਾਤਾਰ ਸੇਵਨ ਨਾਲ ਲਿਵਰ 'ਤੇ ਬਹੁਤ ਬੁਰਾ ਅਸਰ ਪੈਂਦਾ ਹੈ। ਪੀਲੀਆ ਹੋਣ ਜਾਂ ਲਿਵਰ ਫੇਲ੍ਹ ਹੋਣ ਦਾ ਖਤਰਾ ਵਧ ਜਾਂਦਾ ਹੈ। ਇਹ ਗੋਲੀ ਖ਼ੂਨ ਦੇ ਦੌਰੇ ਅਤੇ ਦਿਲ ਦੀ ਧੜਕਣ ਨੂੰ ਵੀ ਪ੍ਰਭਾਵਿਤ ਕਰਦੀ ਹੈ, ਜਿਸ ਨਾਲ ਦਿਲ ਦਾ ਦੌਰਾ ਪੈਣ ਦੀ ਸੰਭਾਵਨਾ ਰਹਿੰਦੀ ਹੈ। ਇਸ ਤੋਂ ਬਿਨਾਂ ਜਦੋਂ ਗੋਲੀ ਦਾ ਅਸਰ ਖ਼ਤਮ ਹੁੰਦਾ ਹੈ, ਤਾਂ ਮਰੀਜ਼ ਡੂੰਘੇ ਮਾਨਸਿਕ ਤਣਾਅ, ਘਬਰਾਹਟ ਅਤੇ ਡਰ ਵਿੱਚ ਚਲਾ ਜਾਂਦਾ ਹੈ। ਇਸ ਕਰਕੇ ਉਹ ਗੱਲ-ਗੱਲ 'ਤੇ ਗੁੱਸਾ ਕਰਨ ਲੱਗਦਾ ਹੈ ਅਤੇ ਆਪਣੇ ਪਰਿਵਾਰ ਨਾਲ ਲੜਾਈ-ਝਗੜਾ ਤੇ ਉੱਚੀ ਆਵਾਜ਼ ਵਿੱਚ ਗੱਲ ਕਰਦਾ ਹੈ ਤੇ ਉਸ ਦਾ ਸੁਭਾਅ ਵੀ ਚਿੜਚਿੜਾ ਬਣ ਜਾਂਦਾ ਹੈ। ਇਸ ਤਰ੍ਹਾਂ ਇਸ ਦੀ ਲਗਾਤਾਰ ਵਰਤੋਂ ਕਰ ਰਹੇ ਨਸ਼ਾ ਗ੍ਰਸਤ ਮਰੀਜ਼ਾਂ ਨੂੰ ਇਸ ਗੱਲ ਦਾ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਉਹ ਇਸ ਗੋਲੀ ਦੀ ਵਰਤੋਂ ਨਸ਼ੇ ਤੋਂ ਮੁਕਤ ਹੋਣ ਕਰ ਰਹੇ ਹਨ ਨਾ ਕਿ ਇਸ ਗੋਲੀ ਦੇ ਅਮਲ ਤੇ ਲੱਗਣ ਲਈ ਕਰ ਰਹੇ ਹਨ। ਹਰੇਕ ਮਰੀਜ਼ ਆਪਣੇ ਆਪ ਨੂੰ ਮਾਨਸਿਕ ਤੌਰ ਤੇ ਤਕੜਾ ਕਰਕੇ ਫਿਰ ਇਸ ਗੋਲੀ ਦੀ ਮਾਤਰਾ ਹੌਲੀ ਹੌਲੀ ਘਟਾ ਕੇ ਇਸਨੂੰ ਛੱਡਣਾ ਚਾਹੀਦਾ ਹੈ। ਪਰ ਇੱਥੇ ਇਹ ਗੱਲ ਵੀ ਧਿਆਨ ਮੰਗਦੀ ਹੈ ਕਿ ਕਦੇ ਵੀ ਕਿਸੇ ਨਸ਼ਾ ਗ੍ਰਸਤ ਮਰੀਜ਼ ਨੂੰ ਡਾਕਟਰੀ ਸਲਾਹ ਤੋਂ ਬਿਨਾਂ ਇਸ ਗੋਲੀ ਨੂੰ ਇਕਦਮ ਨਹੀਂ ਛੱਡਣਾ ਚਾਹੀਦਾ ਹੈ। ਇਸ ਦੇ ਨਾਲ ਹੀ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਸਮੇਂ ਸਮੇਂ ਤੇ ਇਹਨਾਂ ਓਟ ਸੈਂਟਰਾਂ ਦੀ ਨਿਗਰਾਨੀ ਕਰਕੇ ਹਿਦਾਇਤਾਂ ਜਾਰੀ ਕਰਦੀ ਰਹੇ ਤੇ ਥੋੜ੍ਹੇ ਥੋੜ੍ਹੇ ਵਕਫੇ ਬਾਅਦ ਨਸ਼ਾ ਗ੍ਰਸਤ ਮਰੀਜ਼ਾਂ ਦੀ ਗਿਣਤੀ ਚੈਕ ਕਰਦੀ ਰਹੇ। ਜੇਕਰ ਸਮਾਂ ਰਹਿੰਦੇ ਇਸ ਸਮੱਸਿਆ ਵੱਲ ਧਿਆਨ ਨਾ ਦਿੱਤਾ ਤਾਂ ਕਿਤੇ ਆਉਣ ਵਾਲੇ ਸਮੇਂ ਵਿੱਚ ਸਰਕਾਰਾਂ ਨੂੰ ਜੀਭ ਵਾਲੀ ਗੋਲੀ ਛੁਡਾਉਣ ਲਈ ਕੈਂਪ ਨਾ ਲਗਾਉਣੇ ਪੈਣ।



SANJHI SOCH
ਮਨਜੀਤ ਮਾਨ
ਸਾਹਨੇਵਾਲੀ (ਮਾਨਸਾ)
ਮੋਬਾਈਲ 7009898044







web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਅੱਜ ਹੀ ਕਾਲ ਕਰੋ :
ਰਾਜਿੰਦਰ ਟਾਂਡਾ
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# SUNSHINE AUTO CARE INC.

## WE REPAIR ALL MAKES & MODELS. AUTO, DIESEL TRUCK & TRAILERS

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

WE PROVIDE SHUTLE SERVICE FOR ALL CUSTOMERS

hablamos español

We Speak English, Spanish & Punjabi


We Provide Towing & 24/7 Mobile Road Services For All Autos, Trucks & Trailers

Open Monday to Saturday

Com-Check
T-Check
EFS Check

ACCEPTED HERE
VISA MasterCard AMERICAN EXPRESS DISCOVER NETWORK





**1003 Moffat Blvd, Manteca CA 95336**

# 209-239-1551

# TRUCK STOP

Chevron

OPEN PARKING, DELI, SHOWER, LAUNDRY

• ਸਸਤਾ ਡੀਜ਼ਲ • ਕਾਰਾਂ ਦੀ ਸਸਤੀ ਗੈਸ



We accept all major fleet cards, credit cards including, Visa, MC, AE, Discover, Voyag and Writer Express.

(Or $9 off Chevron In-Store Purchase)

ਇਥੇ ਪੰਜਾਬੀ ਰੈਸਟੋਰੈਂਟ ਵੀ ਹੈ ਅਤੇ ਹਰ ਵੇਲੇ ਪੰਜਾਬੀ ਖਾਣਾ ਮਿਲਦਾ ਹੈ।

Contact :

BALRAJ SINGH PANNU

**541-942-0105**

Chevron

1250, Gateway Blvd. Cottage, OR 97424,

Ph : 541-942-4142 Fax : 541-942-9668

# PIONEER VILLA



Chevron

TRUCK PLAZA

MOTEL • RESTAURANT
LOUNGE • MINI-MART
GIFT SHOP • OPEN 24 HR
FLEET • MULTI SERVICE

WE ACCEPT-TCH T-CHECK
COM CHECK - EFS -
ALL MAJOR CREDIT CARDS

**PREETI PANNU**

**(541) 369-2801**

FAX (541) 369-3810

33180 HWY 228 HALSEY, OR 97348

# RESIDENTIAL, COMMERCIAL AND SOLAR FARMS

**with Singhsloar High performance Bifacial Smart Panels**

**ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ**

100% CUSTOMER SATISFACTION GUARANTEED

SINGH SOLAR



## ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

**ਸਿਰਫ਼ ਇਕ ਕਾਲ - ਵੱਡੀ ਬੱਚਤ**

# 510-706-1300

singhsolarusa@gmail.com


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ |
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307

# ਨੈਤਿਕ ਮੁੱਲਾਂ ਦਾ ਘਾਣ ਸਮਾਜ ਲਈ ਇੱਕ ਵੱਧਦੀ ਚਿੰਤਾ

ਪਿਛਲੇ ਕੁੱਝ ਸਾਲਾਂ ਵਿੱਚ ਸਮਾਜ ਦੇ ਵੱਖ-ਵੱਖ ਖੇਤਰਾਂ ਵਿੱਚ ਇੱਕ ਚਿੰਤਾਜਨਕ ਰੁਝਾਨ ਉਭਰ ਕੇ ਸਾਹਮਣੇ ਆਇਆ ਹੈ ਉਹ ਹੈ ਨੈਤਿਕ ਮੁੱਲਾਂ ਦੀ ਘਾਟ। ਧੋਖਾਧੜੀ ਅਤੇ ਭ੍ਰਿਸ਼ਟਾਚਾਰ ਦੇ ਵਧਦੇ ਮਾਮਲਿਆਂ ਤੋਂ ਲੈ ਕੇ ਅਸਹਿਣਸ਼ੀਲਤਾ ਅਤੇ ਵੰਡਵਾਰੇ ਦੇ ਵੱਧਦੇ ਪੱਧਰਾਂ ਤੱਕ, ਬਹੁਤ ਸਾਰੇ ਵੇਖਣ ਵਾਲੇ ਇਸ ਬਦਲਾਅ ਦੇ ਪ੍ਰਭਾਵਾਂ ਬਾਰੇ ਚਿੰਤਾ ਜਤਾਉਂਦੇ ਹਨ ਜੋ ਭਵਿੱਖ ਦੀ ਪੀੜ੍ਹੀ ਲਈ ਹੋ ਸਕਦੇ ਹਨ।ਇੱਕ ਹਾਲੀਆ ਸਰਵੇਖਣ ਅਨੁਸਾਰ ਕਾਫੀ ਲੋਕ ਇਹ ਮੰਨਦੇ ਹਨ ਕਿ ਪਿਛਲੇ ਦੋ ਦਹਾਕਿਆਂ ਵਿੱਚ ਨੈਤਿਕ ਮੁੱਲਾਂ ਵਿੱਚ ਘਾਟ ਆਈ ਹੈ। ਜਵਾਬ ਦੇਣ ਵਾਲਿਆਂ ਨੇ ਇਸ ਰੁਝਾਨ ਦੇ ਕਾਰਨਾਂ ਵਿੱਚ ਵੱਖ-ਵੱਖ ਕਾਰਕਾਂ ਦੀ ਗਿਣਤੀ ਕੀਤੀ, ਜਿਵੇਂ ਕਿ ਸਮਾਜਿਕ ਮੀਡੀਆ ਦਾ ਪ੍ਰਭਾਵ, ਰਾਜਨੀਤਿਕ ਧਰੁਵੀਕਰਨ ਅਤੇ ਸਮੂਹਿਕ ਹਿੱਸੇਦਾਰੀ ਵਿੱਚ ਆਮ ਘਾਟ।ਸਮਾਜਿਕ ਮੀਡੀਆ ਦੁਆਰਾ ਜਾਣਕਾਰੀ ਸੱਚ ਅਤੇ ਝੂਠ ਦੇ ਤੇਜ਼ ਵਿਸਥਾਰ ਨੇ ਇੱਕ ਐਸੇ ਵਾਤਾਵਰਣ ਦਾ ਨਿਰਮਾਣ ਕੀਤਾ ਹੈ ਜਿੱਥੇ ਗਲਤ ਜਾਣਕਾਰੀ ਫੈਲਣਾ ਆਸਾਨ ਹੈ ਇਹ ਸਿਰਫ ਸਾਡੀ ਸੱਚਾਈ ਦੀ ਸਮਝ ਨੂੰ ਪ੍ਰਭਾਵਿਤ ਨਹੀਂ ਕਰਦਾ, ਸਗੋਂ ਸਾਡੇ ਨੈਤਿਕ ਢਾਂਚਿਆਂ ਅਤੇ ਇਕ ਦੂਜੇ ਨਾਲ ਸੰਬੰਧਿਤ ਹੋਣ ਦੇ ਤਰੀਕੇ ਨੂੰ ਵੀ ਪ੍ਰਭਾਵਿਤ ਕਰਦਾ ਹੈ।ਇੱਕ ਖੇਤਰ ਜਿੱਥੇ ਇਹ ਘਾਟ ਖਾਸ ਕਰਕੇ ਸਾਫ਼ ਹੈ ਉਹ ਹੈ ਜਨਤਾ ਦਾ ਭਰੋਸਾ। ਸੰਸਾਰ ਦੀ ਰਿਪੋਰਟ ਨੇ ਦਰਸਾਇਆ ਕਿ ਸੰਸਥਾਵਾਂ ਸਰਕਾਰ, ਮੀਡੀਆ ਅਤੇ ਇੱਥੇ ਤੱਕ ਕਿ ਗੈਰ-ਲਾਭਕਾਰੀਆਂ ਤੇ ਭਰੋਸਾ ਘਟ ਗਿਆ ਹੈ, ਜਿਸ ਨਾਲ ਬਹੁਤ ਸਾਰੇ ਵਿਅਕਤੀ ਮਹਿਸੂਸ ਕਰਦੇ ਹਨ ਕਿ ਇਹ ਸੰਸਥਾਵਾਂ ਲੋਕਾਂ ਦੀ ਭਲਾਈ ਦੀ ਬਜਾਏ ਆਪਣੇ ਹੀ ਫ਼ਾਇਦਿਆਂ ਨੂੰ ਤਰਜ਼ੀਹ ਦਿੰਦੀਆਂ ਹਨ। ਇਸ ਭਰੋਸੇ ਦੀ ਘਾਟ ਨਿਰਾਸ਼ਾ, ਉਦਾਸੀ ਅਤੇ ਨਾਗਰਿਕ ਜੀਵਨ ਵਿੱਚ ਸ਼ਾਮਿਲ ਹੋਣ ਦੀ ਹਿੰਮਤ ਨੂੰ ਜਨਮ ਦੇ ਸਕਦੀ ਹੈ।

ਇਸ ਤੋਂ ਇਲਾਵਾ, ਵਿਅਕਤੀਗਤਤਾ ਦੇ ਵਧਦੇ ਰੁਝਾਨ ਨੇ ਇੱਕ ਐਸੀ ਸੰਸਕ੍ਰਿਤੀ ਨੂੰ ਪੈਦਾ ਕੀਤਾ ਹੈ ਜਿੱਥੇ ਨਿੱਜੀ ਲਾਭ ਅਕਸਰ ਸਮੂਹਿਕ ਭਲਾਈ ਦੇ ਉੱਪਰ ਅਹਿਮੀਅਤ ਰੱਖਦਾ ਹੈ। ਅਸੀਂ ਦੇਖ ਰਹੇ ਹਾਂ ਕਿ ਸਮੂਹ-ਕੇਂਦਰਿਤ ਮੁੱਲਾਂ ਤੋਂ ਇੱਕ ਹੋਰ ਸੁਤੰਤਰਤਾ-ਕੇਂਦਰਿਤ ਪਹੁੰਚ ਵੱਲ ਬਦਲਾਉ ਹੋ ਰਿਹਾ ਹੈ । ਇਹ ਵੱਖ-ਵੱਖ ਤਰੀਕਿਆਂ ਨਾਲ ਪ੍ਰਗਟ ਹੋ ਸਕਦਾ ਹੈ, ਜਿਵੇਂ ਕਿ ਅਨੇਕਾਂ ਕਾਰੋਬਾਰੀ ਪ੍ਰਥਾਵਾਂ ਵਿੱਚ ਅਨੈਤਿਕਤਾ ਜਾਂ ਜ਼ਰੂਰਤਮੰਦ ਲੋਕਾਂ ਲਈ ਅਸਹਿਣਸ਼ੀਲਤਾ।ਇਨ੍ਹਾਂ ਚਿੰਤਾਵਾਂ ਦੇ ਜਵਾਬ ਵਿੱਚ, ਕਈ ਸੰਸਥਾਵਾਂ ਅਤੇ ਸਮਾਜਿਕ ਆਗੂ ਨੈਤਿਕ ਸਿੱਖਿਆ ਅਤੇ ਸਮੂਹਿਕ ਹਿੱਸੇਦਾਰੀ ਨੂੰ ਪ੍ਰੋਤਸਾਹਿਤ ਕਰਨ ਲਈ ਕੰਮ ਕਰ ਰਹੇ ਹਨ। ਨੈਤਿਕਤਾ ਅਤੇ ਮੁੱਲਾਂ ਦੇ ਆਲੇ-ਦੁਆਲੇ ਵਿਚਾਰ-ਵਿਟਾਦਰਾ ਉਤਸ਼ਾਹਿਤ ਕਰਨ ਵਾਲੀਆਂ ਪਹਿਲਕਦਮੀਆਂ ਸਕੂਲਾਂ, ਕੰਮਕਾਜ਼ ਅਤੇ ਸਥਾਨਕ ਸਮਾਜਾਂ ਵਿੱਚ ਪ੍ਰਾਪਤ ਹੋ ਰਹੀਆਂ ਹਨ। ਸੇਵਾ ਸਿੱਖਣ ਅਤੇ ਸੁਵਿਧਾ ਪ੍ਰਦਾਨ ਕਰਨ ਵਾਲੇ ਕਾਰਜਕ੍ਰਮ ਵੀ ਲਾਗੂ ਕੀਤੇ ਜਾ ਰਹੇ ਹਨ ਤਾਂ ਜੋ ਵਿਅਕਤੀਆਂ ਨੂੰ ਇਕ ਦੂਜੇ ਨਾਲ ਜੁੜਨ ਅਤੇ ਸਮਾਜ ਵਿੱਚ ਸਕਾਰਾਤਮਕ ਯੋਗਦਾਨ ਦੇਣ ਲਈ ਉਤਸ਼ਾਹਿਤ ਕੀਤਾ ਜਾ ਸਕੇ।ਨੈਤਿਕ ਮੁੱਲਾਂ ਨੂੰ ਮੁੜ ਬਣਾਉਣਾ ਜ਼ਮੀਨੀ ਪੱਧਰ 'ਤੇ ਸ਼ੁਰੂ ਹੁੰਦਾ ਹੈ," ਸਮਾਜਿਕ ਆਗੂ ਅਕਸਰ ਇਹ ਕਹਿੰਦੇ ਹਨ। ਸਾਨੂੰ ਐਸੇ ਸਥਾਨ ਬਣਾਉਣ ਦੀ ਲੋੜ ਹੈ ਜਿੱਥੇ ਲੋਕ ਇਕੱਠੇ ਹੋ ਸਕਣ, ਅਨੁਭਵ ਸਾਂਝੇ ਕਰ ਸਕਣ ਅਤੇ ਇਕ ਦੂਜੇ ਤੋਂ ਸਿੱਖ ਸਕਣ। ਇਹ ਇੱਕ ਵਧ ਰਹੀ ਟੁੱਟ-ਫੱਟ ਭਰੀ ਦੁਨੀਆ ਵਿੱਚ ਹਮਦਰਦੀ ਅਤੇ ਸਮਝਦਾਰੀ ਨੂੰ ਉਤਸ਼ਾਹਿਤ ਕਰਨ ਬਾਰੇ ਹੈ।"

ਇਨ੍ਹਾਂ ਕੋਸ਼ਿਸ਼ਾਂ ਦੇ ਬਾਵਜੂਦ ਨੈਤਿਕ ਮੁੱਲਾਂ ਨੂੰ ਮੁੜ ਸਥਾਪਿਤ ਕਰਨ ਦਾ ਕਾਰਜ ਲੰਬਾ ਅਤੇ ਚੁਣੌਤੀਪੂਰਕ ਹੋਵੇਗਾ। ਸਮਾਜ ਅਸਮਾਨਤਾ, ਮੌਸਮੀ ਬਦਲਾਅ ਅਤੇ ਰਾਜਨੀਤਿਕ ਸੰਘਰਸ਼ ਵਰਗੇ ਜਟਿਲ ਮੁੱਦਿਆਂ ਨਾਲ ਨਜਿੱਠਦਾ ਹੈ ਉਸ ਲਈ ਇੱਕ ਨਵੀਂ ਵਚਨਬੱਧਤਾ ਦੀ ਲੋੜ ਕਦੇ ਵੀ ਇੰਨੀ ਮਹਿਸੂਸ ਨਹੀਂ ਸੀ।ਜਿਵੇਂ ਜਿਵੇ ਅਸੀਂ ਅੱਗੇ ਵਧਦੇ ਹਾਂ, ਇਹ ਮਹੱਤਵਪੂਰਨ ਹੈ ਕਿ ਵਿਅਕਤੀ, ਪਰਿਵਾਰ ਅਤੇ ਸਮਾਜ ਆਪਣੇ ਮੁੱਲਾਂ 'ਤੇ ਵਿਚਾਰ ਕਰਨ ਅਤੇ ਸੋਚਣ ਕਿ ਉਹ ਕਿਸ ਤਰ੍ਹਾਂ ਇੱਕ ਹੋਰ ਦਿਆਲੂ ਅਤੇ ਨਿਆਂਪੂਰਕ ਸਮਾਜ ਦੀ ਬਣਤਰ ਵਿੱਚ ਯੋਗਦਾਨ ਪਾ ਸਕਦੇ ਹਨ। ਕੇਵਲ ਇਕੱਠੇ ਕਾਰਵਾਈਆਂ ਅਤੇ ਨੈਤਿਕ ਇੰਟੀਗ੍ਰਿਟੀ ਲਈ ਵਚਨਬੱਧਤਾ ਦੁਆਰਾ ਹੀ ਅਸੀਂ ਇਸ ਚਿੰਤਾਜਨਕ ਰੁਝਾਨ ਨੂੰ ਉਲਟਾਉਣ ਅਤੇ ਭਵਿੱਖ ਦੀ ਪੀੜ੍ਹੀ ਲਈ ਇੱਕ ਚੰਗਾ ਭਵਿੱਖ ਬਣਾਉਣ ਦੀ ਉਮੀਦ ਕਰ ਸਕਦੇ ਹਾਂ।






# Ekam Handyman Services

**Reliable Handyman Services**

- Professional Repairs
- Quality Work
- Affordable Rates



**We Specialized In**:

Split-Level and Multi-Level Home Repairs

Fence Installation & Repairs Backyard Upgrades

Hardwood Floor, MarbleTiling, Repair & Refinishing

Insulated Window Installation & sealing

Washroom RepairsPlumbing

Fixes Electrical Repairs



Ekam Handyman services
@laddihandyman

(209)281-0288, (209)646-4056


SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702


Gillson
TRUCKING INC
NOW HIRING
TRUCK DRIVERS
CLASS A CDL
✓Signing Bonus
✓Top pay
✓Mileage Pay
✓Great Benefits
✓Over the Road or Local Routes
✓Reefers and Dry Van Operations
✓No touch freight
SKILLS
✓Responsible truck driver.
✓Experience with electronic equipment.
✓Ability to travel regularly.
✓Adaptivity and foresight to handle unexpected situations
(traffic, weather conditions and roads, etc.)
RESPONSIBILITIES
✓Safely operating assigned vehicles.
✓The Vehicles are maintained and serviced as needed.
✓Report any vehicle defects for repair.
✓Make safety a priority at all times.
✓Comply with standard federal laws and with company. policies and procedures.
PAY
✓Average pay: $0.45-$0.60 cents/mile
✓Weekly direct deposits
✓Bonuses for clean inspections
✓High mileage bonuses
NEWER EQUIPMENT
Freightliner and Volvo 2020 and present
Reset pay away from Terminals- Stockton,. CA and Dayton, Ohio
Flexible Home Time
Pet Friendly
Rider Policy
SCAN QR CODE FOR
APPLY NOW
HEALTH BENEFITS
Health
Dental
Vision
1801 E Dr. Martin Luther King Jr. Blvd. Stockton, CA 95205
925-400-9094 ext. 116, ext. 130 and ext. 144
info@teamgillson.com
GET IN TOUCH
gillsontrucking
company/gillsontrucking
www.teamgillson.com

# ਚਾਇਨਾ ਡੋਰ ਦਾ ਕਹਿਰ ਕਦੋਂ ਰੁਕੇਗਾ

ਅਖਬਾਰਾਂ ਦੇ ਐਤਵਾਰ ਦੇ ਅੰਕ ਵਿੱਚ ਪਹਿਲੇ ਸਫ਼ੇ ਤੇ ਖ਼ਬਰ ਨੇ ਜਾਗਰੂਕ ਮਾਪਿਆਂ ਨੂੰ ਝੰਜੋੜ ਕੇ ਰੱਖ ਦਿੱਤਾ ਕਿ ਚਾਇਨਾ ਡੋਰ ਨਾਲ ਸਮਰਾਲਾ ਨੇੜੇ ਪਿੰਡ ਰੋਹਲੇ ਦੇ ਸਰਪੰਚ ਦੇ ਦਸਵੀਂ ਜਮਾਤ ਵਿੱਚ ਪੜ੍ਹਦੇ 15 ਸਾਲ ਦੇ ਇਕਲੌਤੇ ਪੁੱਤਰ ਦੀ ਸਕੂਲੋਂ ਆਉਂਦੇ ਦੀ ਦਰਦਨਾਇਕ ਮੌਤ ਹੋ ਗਈ। ਪਰਿਵਾਰ ਦਾ ਰੋ ਰੋ ਬੁਰਾ ਹਾਲ ਹੈ। ਇਹੋ ਜਿਹੀਆਂ ਖੁਸ਼ੀਆਂ ਮਨਾਉਣ ਦੀ ਥਾਂ ਮਾਤਮੀ ਮਾਹੌਲ ਪੈਦਾ ਹੋ ਜਾਵੇ ਤਾਂ ਇਹ ਉਹੀ ਪਰਿਵਾਰ ਇਸ ਦੀ ਪੀੜਾ ਨੂੰ ਜਾਣਦਾ ਹੈ ਜੋ ਸਾਰੀ ਜ਼ਿਦੰਗੀ ਭੁੱਲ ਨਹੀਂ ਸਕਦਾ। ਪ੍ਰਸ਼ਾਸਨ ਦੀ ਚਾਇਨਾ ਡੋਰ ਨੂੰ ਵੇਚਣ, ਵਰਤੋਂ ਆਦਿ ਉੱਪਰ ਪਾਬੰਦੀ ਲਗਾਈ ਗਈ ਹੈ ਤਾਂ ਇਹ ਜਾਨਲੇਵਾ ਡੋਰ ਬੱਚਿਆਂ ਦੇ ਹੱਥਾਂ ਵਿਚ ਕਿਵੇਂ ਆ ਰਹੀ ਹੈ, ਇਹ ਪ੍ਰਸ਼ਾਸਨ ਦੀ ਲਾਪਰਵਾਹੀ ਹੀ ਹੈ। ਹਰ ਰੋਜ਼ ਇਸ ਡੋਰ ਨਾਲ ਮੌਤਾਂ ਅਤੇ ਜ਼ਖਮੀ ਹੋਣ ਦੀਆਂ ਖਬਰਾਂ ਅਕਸਰ ਹੀ ਹੁੰਦੀਆਂ ਹਨ। ਜਿਨ੍ਹਾਂ ਚਿਰ ਘਰਾਂ ਦੀਆਂ ਛੱਤਾਂ ਉੱਤੇ ਪਤੰਗ ਉਡਾਉਣ ਵਾਲਿਆਂ ਦੀਆਂ ਡੋਰਾਂ ਦੀ ਸ਼ਨਾਖਤ ਨਹੀਂ ਕੀਤੀ ਜਾਂਦੀ ਅਤੇ ਚਾਇਨਾ ਡੋਰ ਵਰਤੋਂ ਕਰਨ ਵਾਲਿਆਂ ਵਿਰੁੱਧ ਕੇਸ ਦਰਜ ਨਹੀਂ ਕੀਤੇ ਜਾਂਦੇ ਓਨਾ ਚਿਰ ਠੱਲ ਨਹੀਂ ਪਏਗੀ । ਮੈਂ ਘਰ ਦੀ ਛੱਤ ਉਪਰ ਧੁੱਪੇ ਪਿਆ ਸੀ ਤਾਂ ਕੱਟੇ ਪਤੰਗ ਦੀ ਡੋਰ ਮੇਰੇ ਉੱਤੇ ਆ ਗਿਰੀ ਤਾਂ ਮੈਂ ਇਸ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਪਰ ਇਹ ਟੁੱਟੀ ਨਹੀਂ। ਇਹ ਚਾਇਨਾ ਡੋਰ ਸੀ ਜਿਸ ਨੂੰ ਬਾਅਦ ਵਿਚ ਕਿਸੇ ਵਲੋਂ ਖਿੱਚ ਲਿਆ ਗਿਆ ਜੇ ਮੈਂ ਇਸ ਨੂੰ ਹੱਥ ਵਿੱਚ ਫੜ ਰੱਖਦਾ ਜਾਂ ਇਹ ਡੋਰ ਮੇਰੇ ਗਲ ਵਿਚ ਫਸ ਜਾਂਦੀ ਤਾਂ ਇਸਦੇ ਖਿੱਚਣ ਨਾਲ ਮੈਂ ਜ਼ਖਮੀ ਹੋ ਸਕਦਾ ਸੀ। ਸਾਰੇ ਮਾਪਿਆਂ ਨੂੰ ਇਨ੍ਹਾਂ ਮੰਦਭਾਗੀ ਘਟਨਾਵਾਂ ਤੋਂ ਸਬਕ ਲੈਣਾ ਚਾਹੀਦਾ ਹੈ । ਚਾਇਨਾ ਡੋਰ ਦੀ ਵਰਤੋਂ ਕਰਨ ਵਾਲੇ ਬੱਚਿਆਂ ਦੇ ਮਾਪਿਆਂ ਉਪਰ ਵੀ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ ।

**ਮੇਜਰ ਸਿੰਘ ਨਾਭਾ**

# ਬਾਬਾ ਦੀਪ ਸਿੰਘ ਸ਼ਹੀਦ

ਦੀਪ ਸਿੰਘ ਨੇ ਵਿੱਚ ਸ਼ਹੀਦਾਂ, ਵੱਡਾ ਰੁਤਬਾ ਪਾਇਆ।
ਭਾਈ ਭਗਤਾ ਦਾ ਬਲੀ ਬੇਟਾ ਸੀ, ਜੀਉਣੀ ਮਾਂ ਦਾ ਜਾਇਆ॥
ਸਿੰਘ ਸੂਰਮਾ ਸਿਰਲੱਥ ਜੰਮਿਆ, ਯੋਧਾ ਤੇ ਵਿਦਵਾਨ।
ਗੁਣੀ-ਗਿਆਨੀ, ਸੰਤ-ਸਿਪਾਹੀ, ਦੀਪਾ ਮੁੱਢਲਾ ਨਾਮ॥
ਛਕ ਅੰਮ੍ਰਿਤ ਦਸ਼ਮੇਸ਼ ਪਿਤਾ ਤੋਂ, ਗੁਰੂ ਤੋਂ ਲਈ ਅਸੀਸ।
ਹਰਿਮੰਦਰ ਦੀ ਰੱਖਿਆ ਖਾਤਰ, ਤਲੀ ਤੇ ਰੱਖਿਆ ਸੀਸ॥
ਗੁਰੂ ਦੀ ਸੈਨਾ ਵਿੱਚ ਰਹਿ ਉਸਨੇ, ਕੀਤੇ ਯੁੱਧ ਅਨੇਕ।
ਸੱਚੇ ਪਰਵਦਗਾਰ ਤੇ ਉਸਨੇ, ਰੱਖੀ ਹਮੇਸ਼ਾ ਟੇਕ॥
ਸਾਬੋ ਕੀ ਤਲਵੰਡੀ ਆਇਆ, ਗੁਰੂ ਦੀ ਸਿੱਖਿਆ ਧਾਰੀ।
ਖੁਸ਼ ਹੋ ਉਹਦੀ ਸੇਵਾ ਤੋਂ ਗੁਰ, ਸੌਂਪੀ ਸੀ ਜੱਥੇਦਾਰੀ॥
ਗੁਰੂ ਗ੍ਰੰਥ ਸਾਹਿਬ ਦੇ ਬਾਬੇ, ਕੀਤੇ ਚਾਰ ਉਤਾਰੇ।
ਉਹਦੇ ਕੌਤਕ ਅਜਬ-ਅਨੋਖੇ, ਜਾਵਾਂ ਮੈਂ ਬਲਿਹਾਰੇ॥
ਬਾਬਾ ਜੀ ਨੇ ਵਿੱਚ ਤਲਵੰਡੀ, ਖੂਹ ਸੀ ਇੱਕ ਲਗਵਾਇਆ।
ਠੰਡੇ-ਮਿੱਠੇ ਪਾਣੀ ਦਾ ਪਿਆ, ਵਗੇ ਅਜੇ ਸਰਮਾਇਆ॥
ਭੋਰੇ ਬੈਠ ਤਪੱਸਿਆ ਕੀਤੀ, ਓਸ ਬਹਾਦਰ ਸੂਰੇ।
ਬੁਰਜ ਓਸਦੀ ਯਾਦ 'ਚ ਅੱਜ ਤੱਕ, ਪਿਆ ਵੈਰੀ ਨੂੰ ਘੂਰੇ॥
ਮਿਲ ਕੇ ਨਾਲ 'ਬਹਾਦਰ ਬੰਦੇ', ਦੁਸ਼ਮਣ ਸਨ ਕਈ ਸੋਧੇ।
ਕੋਈ ਮੁਗਲ ਨਾ ਟਿਕਿਆ ਸਾਹਵੇਂ, ਏਸ ਬਹਾਦਰ ਯੋਧੇ॥
ਕਰਕੇ ਇੱਕਮੁੱਠ ਸਿੱਖਾਂ ਨੂੰ ਉਸ, 'ਮਿਸਲ ਸ਼ਹੀਦ' ਬਣਾਈ।
ਥਰ-ਥਰ ਜ਼ਾਲਮ ਕੰਬਣ ਲੱਗੇ, ਐਸੀ ਧਾਕ ਜਮਾਈ॥
ਅਬਦਾਲੀ ਨੇ ਹਮਲਾ ਕਰਕੇ, ਹਿੰਦੋਸਤਾਨ ਡਰਾਇਆ।
ਬਾਬਾ ਨੇ ਫ਼ਿਰ ਬੋਲ ਕੇ ਹੱਲਾ, ਔਰਤਾਂ ਨੂੰ ਛੁਡਵਾਇਆ॥
ਖਾਨ ਜਹਾਨ ਬੇਅਦਬੀ ਕੀਤੀ, ਸਾਡੇ ਅੰਮ੍ਰਿਤ-ਸਰ ਦੀ।
ਪੂਰ ਦਿੱਤਾ ਉਸ ਪਾਕ ਸਰੋਵਰ, ਜੀਭ ਆਖਣੋਂ ਡਰਦੀ॥
ਸੁਣੀ ਖ਼ਬਰ ਜਦ ਦੀਪ ਸਿੰਘ ਨੇ, ਖਾਧਾ ਖ਼ੂਨ ਉਬਾਲੇ।
ਸਿੰਘ ਝੱਈਆਂ ਲੈ ਉੱਠੇ, ਸਨ ਜੋ ਮਰਨ-ਮਾਰਨ ਨੂੰ ਕਾਹਲੇ॥
ਅੱਗੇ ਵਧ ਕੇ ਦੀਪ ਸਿੰਘ ਨੇ, ਖਿੱਚੀ ਇੱਕ ਲਕੀਰ।
'ਜਾਨ ਵਾਰਨੀ ਜਾਣੇ ਜਿਹੜਾ, ਵਧੇ ਅੱਗੇ ਉਹ ਵੀਰ'॥
ਅੰਮ੍ਰਿਤਸਰ ਤੋਂ ਕੁਝ ਦੂਰੀ ਤੇ, ਸਖ਼ਤ ਟਾਕਰਾ ਹੋਇਆ।
ਵੇਖ ਮੁਗਲ ਦੀ ਫ਼ੌਜ ਵਡੇਰੀ, ਜ਼ਰਾ ਨਾ ਧੀਰਜ ਖੋਇਆ॥
ਰੋਹ ਵਿੱਚ ਆ ਕੇ ਬਾਬੇ ਨੇ ਫ਼ਿਰ, ਉਹ ਖੜਕਾਇਆ ਖੰਡਾ।
ਏਦੂੰ ਪਾਰੋਂ ਓਸ ਪਾਰ ਉਸ, ਕੀਤਾ ਦੁਸ਼ਮਣ ਠੰਡਾ॥
ਗਹਿਗੱਚ ਓਸ ਲੜਾਈ ਦੇ ਵਿੱਚ, ਸਿੰਘ ਜ਼ਰਾ ਨਾ ਡੋਲੇ।
ਹੱਸ-ਹੱਸ ਦੇਣ ਸ਼ਹੀਦੀ ਜੰਗ ਵਿੱਚ, ਗਾਉਂਦੇ ਗੁਰੂ ਦੇ ਸੋਹਲੇ॥
ਸਿੰਘ ਸੂਰਮੇ ਰਣ-ਭੂਮੀ ਵਿੱਚ, ਸ਼ੇਰਾਂ ਵਾਂਗੂੰ ਗੱਜੇ।
ਸੀਸ ਤਲੀ ਤੇ ਰੱਖ ਕੇ ਬਾਬੇ, ਵੈਰੀ ਲਾ ਲਿਆ ਅੱਗੇ॥
ਸੀਸ ਭੇਟ ਕਰ ਗੁਰ-ਚਰਨਾਂ ਵਿੱਚ, ਅੰਤਿਮ ਫ਼ਤਹਿ ਬੁਲਾਈ।
ਬਾਬਾ ਦੀਪ ਸਿੰਘ ਨੇ ਏਦਾਂ, ਸਿੱਖੀ ਤੋੜ ਨਿਭਾਈ॥
ਪ੍ਰੀਤ ਦੀ ਰੀਤ ਨਿਭਾਉਣੀ ਔਖੀ, ਸੌਖਾ ਬੜਾ ਹੈ ਕਹਿਣਾ।
ਦਰ ਦਾਤੇ ਦੇ ਢਹਿ ਪੈ ਬੰਦਿਆ, ਚਾਹਵੇਂ ਜੇ ਕੁਝ ਲੈਣਾ॥
ਖੰਨਿਓਂ ਤਿੱਖੀ, ਵਾਲੋਂ ਨਿੱਕੀ, ਪਾਕ-ਪਵਿੱਤਰ ਸਿੱਖੀ।
ਹੋ ਨਤਮਸਤਕ ਦੀਪ ਸਿੰਘ ਨੂੰ, ਕਵੀ ਨੇ ਕਵਿਤਾ ਲਿਖੀ॥



ਪ੍ਰੋ.ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ
94176-92015.

LARRY T. NIERMEYER
Attorney at Law



OFFERING SERVICES IN THE FOLLOWING AREAS





1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation

PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com





RE/MAX
EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।
ਕਾਲ ਕਰ ਸਕਦੇ ਹੋ 408-687-1899
ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, https://youtu.be/-DUhK3cACEU **SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.
To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday Friday in Punjabi.


## HOMEOPATHIC NATURAL MEDICINES

**When Tired of All Treatments, For any Disease, at any Age Try Alternative Treatment**

**Safe and Effective Medicines without any Side Effects**



GURDIP S SANDHU





Consultant/Physician
Since 1973
DHMS-Gold Medalist, BAMS, MDEH
Ex-Prof, Principal & CMO Medical Colleges/Hospitals in India

(408) 687-1899 (925) 587-1148

**Homeopathic Medicine and Notary Consultancy**

9701 SARA ANN CT DUBLIN, CA 94568

PRACTICE UNDER PROVISION OF ACT SB_577 STATE OF CA


Pal Films
Production
All Your Photo/Videography &
Post Production needs Under One Roof
RED PRO 5.0
RED
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com

# ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ–ਸਰਲ ਵਿਆਖਿਆ

**ਅੰਗ 125**

ਮਾਝ ਮਹਲਾ ੩ ॥

ਗੁਰਮੁਖਿ ਮਿਲੈ ਮਿਲਾਏ ਆਪੇ ॥ ਕਾਲੁ ਨ ਜੋਹੈ ਦੁਖੁ ਨ ਸੰਤਾਪੇ ॥ ਹਉਮੈ ਮਾਰਿ ਬੰਧਨ ਸਭ ਤੋੜੈ ਗੁਰਮੁਖਿ ਸਬਦਿ ਸੁਹਾਵਣਿਆ ॥੧॥ ਹਉ ਵਾਰੀ ਜੀਉ ਵਾਰੀ ਹਰਿ ਹਰਿ ਨਾਮਿ ਸੁਹਾਵਣਿਆ ॥ ਗੁਰਮੁਖਿ ਗਾਵੈ ਗੁਰਮੁਖਿ ਨਾਚੈ ਹਰਿ ਸੇਤੀ ਚਿਤੁ ਲਾਵਣਿਆ ॥੧॥ ਰਹਾਉ ॥ ਗੁਰਮੁਖਿ ਜੀਵੈ ਮਰੈ ਪਰਵਾਣੁ ॥ ਆਰਜਾ ਨ ਛੀਜੈ ਸਬਦੁ ਪਛਾਣੁ ॥ ਗੁਰਮੁਖਿ ਮਰੈ ਨ ਕਾਲੁ ਨ ਖਾਏ ਗੁਰਮੁਖਿ ਸਚਿ ਸਮਾਵਣਿਆ ॥੨॥ ਗੁਰਮੁਖਿ ਹਰਿ ਦਰਿ ਸੋਭਾ ਪਾਏ ॥ ਗੁਰਮੁਖਿ ਵਿਚਹੁ ਆਪੁ ਗਵਾਏ ॥ ਆਪਿ ਤਰੈ ਕੁਲ ਸਗਲੇ ਤਾਰੇ ਗੁਰਮੁਖਿ ਜਨਮੁ ਸਵਾਰਣਿਆ ॥੩॥ ਗੁਰਮੁਖਿ ਦੁਖੁ ਕਦੇ ਨ ਲਗੈ ਸਰੀਰਿ ॥ ਗੁਰਮੁਖਿ ਹਉਮੈ ਚੂਕੈ ਪੀਰ ॥ ਗੁਰਮੁਖਿ ਮਨੁ ਨਿਰਮਲੁ ਫਿਰਿ ਮੈਲੁ ਨ ਲਾਗੈ ਗੁਰਮੁਖਿ ਸਹਜਿ ਸਮਾਵਣਿਆ ॥੪॥ ਗੁਰਮੁਖਿ ਨਾਮੁ ਮਿਲੈ ਵਡਿਆਈ ॥ ਗੁਰਮੁਖਿ ਗੁਣ ਗਾਵੈ ਸੋਭਾ ਪਾਈ ॥ ਸਦਾ ਅਨੰਦਿ ਰਹੈ ਦਿਨੁ ਰਾਤੀ ਗੁਰਮੁਖਿ ਸਬਦੁ ਕਰਾਵਣਿਆ ॥੫॥ ਗੁਰਮੁਖਿ ਅਨਦਿਨੁ ਸਬਦੇ ਰਾਤਾ ॥ ਗੁਰਮੁਖਿ ਜੁਗ ਚਾਰੇ ਹੈ ਜਾਤਾ ॥ ਗੁਰਮੁਖਿ ਗੁਣ ਗਾਵੈ ਸਦਾ ਨਿਰਮਲੁ ਸਬਦੇ ਭਗਤਿ ਕਰਾਵਣਿਆ ॥੬॥ ਬਾਝੁ ਗੁਰੂ ਹੈ ਅੰਧ ਅੰਧਾਰਾ ॥ ਜਮਕਾਲਿ ਗਰਠੇ ਕਰਹਿ ਪੁਕਾਰਾ ॥ ਅਨਦਿਨੁ ਰੋਗੀ ਬਿਸਟਾ ਕੇ ਕੀੜੇ ਬਿਸਟਾ ਮਹਿ ਦੁਖੁ ਪਾਵਣਿਆ ॥੭॥ ਗੁਰਮੁਖਿ ਆਪੇ ਕਰੇ ਕਰਾਏ ॥ ਗੁਰਮੁਖਿ ਹਿਰਦੈ ਵੁਠਾ ਆਪਿ ਆਏ ॥ ਨਾਨਕ ਨਾਮਿ ਮਿਲੈ ਵਡਿਆਈ ਪੂਰੇ ਗੁਰ ਤੇ ਪਾਵਣਿਆ ॥੮॥੨੫॥੨੬॥ {ਪੰਨਾ 125}

ਭਾਵ ਅਰਥ:-

ਗੁਰੂ ਦੇ ਸਨਮੁਖ ਰਹਿਣ ਵਾਲੇ ਪ੍ਰਾਣੀ ਨੂੰ ਪਰਮਾਤਮਾ ਆਪ ਆ ਕੇ ਮਿਲਦਾ ਹੈ ਤੇ ਫਿਰ ਉਸ ਨੂੰ ਆਤਮਿਕ ਮੌਤੇ ਨਹੀਂ ਮਰਨਾ ਪੈਂਦਾ ਤੇ ਨਾ ਹੀ ਕਿਸੇ ਤਰਾਂ ਦਾ ਦੁੱਖ ਤੇ ਪਛਤਾਵਾ ਸਤਾਉਂਦਾ ਹੈ। ਉਸ ਸੱਚੇ ਕਰਤਾਰ ਦਾ ਨਾਮ ਬਾਣੀ, ਹਉਮੈ ਨੂੰ ਮਾਰ ਕੇ ਹਰ ਤਰਾਂ ਦੇ ਕੋੜ ਨਾਲੋਂ ਬੰਧਨ ਤੋੜ ਦਿੰਦੀ ਹੈ ਤੇ ਕਰਤੇ ਦੀ ਬੰਦਗੀ ਸੋਹਣੀ ਲੱਗਣ ਲੱਗ ਪੈਂਦੀ ਹੈ॥੧॥

ਮੈਂ ਉਸ ਹਰੀ ਦੇ ਸੁੰਦਰ ਨਾਮ ਤੋਂ ਵਾਰੀ ਵਾਰੀ ਜਾਂਦਾ ਹਾਂ। ਜਦੋਂ ਗੁਰੂ ਤੇ ਫਿਰ ਗੁਰਮੁਖ ਦਾ ਮਨ ਹਰਿ ਪ੍ਰਭ ਨਾਲ ਜੁੜ ਜਾਂਦਾ ਹੈ ਤਾਂ ਓਹੋ ਇੰਨਾ ਪ੍ਰਸੰਨ ਹੋ ਜਾਂਦਾ ਹੈ ਕਿ ਇਕ ਤਰਾਂ ਨਾਲ ਨੱਚਣ ਤੇ ਗਾਉਣ ਲੱਗ ਜਾਂਦਾ ਹੈ ॥੧॥ ਰਹਾਉ॥

ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ ਜਿਉਂਦਿਆਂ ਮਰ ਕੇ ਪਰਵਾਣ ਹੋ ਜਾਂਦਾ ਹੈ( ਭਾਵ ਵਿਕਾਰਾਂ ਨੂੰ ਛੱਡ ਕੇ ਇੱਛਾਵਾਂ ਨੂੰ ਮਾਰ ਕੇ) । ਇੱਕ ਤਰਾਂ ਨਾਲ ਗੁਰਬਾਣੀ ਨਾਲ ਜੁੜ ਕੇ ਉਮਰ ਕਦੇ ਨੀ ਘਟਦੀ ਭਾਵ (ਜੀਵ ਅਮਰ ਹੋ ਜਾਂਦਾ ਹੈ)। ਇਸ ਗੁਰਮੁਖ ਨੂੰ ਕਦੇ ਮੌਤ ਨਹੀਂ ਆਉਂਦੀ ਕਿਉਂਕਿ ਇਸ ਦੀ ਪ੍ਰਭੂ ਪਰਮਾਤਮਾ ਨਾਲ ਇਕਮਿਕਤਾ ਹੋ ਜਾਂਦੀ ਹੈ॥੨॥

ਜਿਹੜਾ ਗੁਰਮੁਖ ਆਪਣੇ ਆਪ ਦੇ ਵਿੱਚੋਂ ਹਉਮੈ ਮਾਰ ਦਿੰਦਾ ਹੈ ਉਸਨੂੰ ਹਰ ਥਾਂ ਤੇ ਆਦਰ ਸਤਿਕਾਰ ਮਿਲਦਾ ਹੈ। ਅਜਿਹਾ ਗੁਰਮੁਖ ਆਪ ਤਾਂ ਮੁਕਤੀ ਪਾਉਂਦਾ ਹੀ ਹੈ, ਆਪਣੇ ਸਗਲ ਪਰਿਵਾਰ ਦਾ ਵੀ ਜੀਵਨ ਸਵਾਰ ਦਿੰਦਾ ਹੈ॥੩॥

ਅਜਿਹੇ ਗੁਰਮੁਖ ਨੂੰ ਕਦੇ ਕੋਈ ਸਰੀਰਕ ਰੋਗ ਨਹੀਂ ਲੱਗਦਾ, ਨਾਲ ਹੀ ਹਉਮੈ ਰੂਪੀ ਪੀੜ ਵੀ ਨਹੀਂ ਲੱਗਦੀ। ਅਜਿਹੇ ਗੁਰਮੁਖ ਦੇ ਮਨ ਨੂੰ ਮਲੀਨਤਾ ਨਹੀਂ ਲੱਗਦੀ ਤੇ ਉਸਦੇ ਅੰਦਰ ਸਹਿਜ ਅਡੋਲਤਾ ਸਮਾ ਜਾਂਦੀ ਹੈ॥੪॥

ਇਹ ਫੇਰ, ਪ੍ਰਭੂ ਨਾਮ ਬਾਣੀ ਦੇ ਸਿਰ ਤੇ ਹੀ ਗੁਰਮੁਖ ਨੂੰ ਸ਼ੋਭਾ ਮਿਲਦੀ ਹੈ ਤੇ ਉਹ ਸਦਾ ਖੁਸ਼ੀ ਤੇ ਖੇੜੇ ਵਿੱਚ ਰਹਿੰਦਾ ਹੈ (ਦਿਨ ਰਾਤ)॥੫॥

ਉਹ ਗੁਰਮੁਖ ਜਿਹੜਾ ਰਾਤ ਦਿਨ ਨਾਮ ਬਾਣੀ ਦੇ ਵਿੱਚ ਵਿਝਿਆ ਰਹਿੰਦਾ ਹੈ ਉਹ ਚਾਰਾਂ ਯੁਗਾਂ ਵਿੱਚ ਹਾਜਰਾ ਹਜੂਰ ਰਹਿੰਦਾ ਹੈ (ਮੁਕਤ)। ਗੁਰਮੁਖਿ ਸਦਾ ਨਾਮ ਬਾਣੀ ਦੇ ਨਾਲ ਜੁੜ ਕੇ ਪਵਿੱਤਰ ਆਤਮਾ ਬਣ ਜਾਂਦਾ ਹੈ। ਆਪ ਤਾਂ ਬਾਣੀ ਨਾਲ ਜੁੜਦਾ ਹੀ ਹੈ ਦੂਸਰਿਆਂ ਨੂੰ ਵੀ ਇਸ ਨਾਲ ਜੋੜਦਾ ਹੈ॥੬॥

ਹੇ ਪ੍ਰਾਣੀ !ਗੁਰੂ ਦੇ ਮਾਰਗਦਰਸ਼ਨ ਤੋਂ ਬਿਨਾਂ ਚਾਰੇ ਪਾਸੇ ਹਨੇਰਾ ਹੀ ਹਨੇਰਾ ਹੈ। ਇਸ ਕਾਰਨ ਜਮਦੂਤੁ ਤੈਨੂੰ ਆਤਮਿਕ ਮੌਤੇ ਮਾਰਨ ਨੂੰ ਤਿਆਰ ਬੈਠਾ ਹੈ । ਇਹ ਮਨੁੱਖੀ ਜੀਵ ਵੀ ਗੰਦਗੀ ਦੇ ਕੀੜਿਆਂ ਵਾਂਗ ਹੀ ,ਉਸੇ ਗੰਦਗੀ ਵਿੱਚ ਕਈ ਦੁੱਖ ਸਹਾਰਦਾ ਹੈ । ।੭॥

ਜੇ ਗੁਰਮੁਖਿ ਉੱਤੇ ਵੀ ਉਸ ਸੱਚੇ ਕਰਤਾਰ ਦੀ ਮਿਹਰ ਹੋਵੇ ਤੇ ਆਪ ਹੀ ਹਿਰਦੇ ਵਿੱਚ ਵਸਿਆ ਹੋਵੇ ਤਾਂ ਹੀ ਇਹ ਵੀ ਪਵਿੱਤਰ (ਪਾਪ ਰਹਿਤ) ਕੰਮ ਕਰਦਾ ਹੈ। ਗੁਰੂ ਦੁਆਰਾ ਗੁਰਮੁਖਾਂ ਨੂੰ ਉਪਰੋਕਤ ਨਾਮ ਬਾਣੀ ਨਾਲ ਜੋੜਨ ਤੇ ਚੰਗੇ ਕਾਰਜ ਕਰਨ ਨਾਲ ਪੂਰੇ ਪ੍ਰਭੂ ਨੂੰ ਹਾਸਲ ਕੀਤਾ ਜਾ ਸਕਦਾ ਹੈ।

ਮਾਝ ਮਹਲਾ ੩ ॥

ਏਕਾ ਜੋਤਿ ਜੋਤਿ ਹੈ ਸਰੀਰਾ ॥ ਸਬਦਿ ਦਿਖਾਏ ਸਤਿਗੁਰੁ ਪੂਰਾ ॥ ਆਪੇ ਫਰਕੁ ਕੀਤੋਨੁ ਘਟ ਅੰਤਰਿ ਆਪੇ ਬਣਤ ਬਣਾਵਣਿਆ ॥੧॥ ਹਉ ਵਾਰੀ ਜੀਉ ਵਾਰੀ ਹਰਿ ਸਚੇ ਕੇ ਗੁਣ ਗਾਵਣਿਆ ॥ ਬਾਝੁ ਗੁਰੂ ਕੋ ਸਹਜੁ ਨ ਪਾਏ ਗੁਰਮੁਖਿ ਸਹਜਿ ਸਮਾਵਣਿਆ ॥੧॥ ਰਹਾਉ ॥ ਤੂੰ ਆਪੇ ਸੋਹਹਿ ਆਪੇ ਜਗੁ ਮੋਹਹਿ ॥ ਤੂੰ ਆਪੇ ਨਦਰੀ ਜਗਤੁ ਪਰੋਵਹਿ ॥ ਤੂੰ ਆਪੇ ਦੁਖੁ ਸੁਖੁ ਦੇਵਹਿ ਕਰਤੇ ਗੁਰਮੁਖਿ ਹਰਿ ਦੇਖਾਵਣਿਆ ॥੨॥ ਆਪੇ ਕਰਤਾ ਕਰੇ ਕਰਾਏ ॥ ਆਪੇ ਸਬਦੁ ਗੁਰ ਮੰਨਿ ਵਸਾਏ ॥ ਸਬਦੇ ਉਪਜੈ ਅੰਮ੍ਰਿਤ ਬਾਣੀ ਗੁਰਮੁਖਿ ਆਖਿ ਸੁਣਾਵਣਿਆ ॥੩॥ ਆਪੇ ਕਰਤਾ ਆਪੇ ਭੁਗਤਾ ॥ ਬੰਧਨ ਤੋੜੇ ਸਦਾ ਹੈ ਮੁਕਤਾ ॥ ਸਦਾ ਮੁਕਤੁ ਆਪੇ ਹੈ ਸਚਾ ਆਪੇ ਅਲਖੁ ਲਖਾਵਣਿਆ ॥੪॥ ਆਪੇ ਮਾਇਆ ਆਪੇ ਛਾਇਆ ॥ ਆਪੇ ਮੋਹੁ ਸਭੁ ਜਗਤੁ ਉਪਾਇਆ ॥ ਆਪੇ ਗੁਣਦਾਤਾ ਗੁਣ ਗਾਵੈ ਆਪੇ ਆਖਿ ਸੁਣਾਵਣਿਆ ॥੫॥ ਆਪੇ ਕਰੇ ਕਰਾਏ ਆਪੇ ॥ ਆਪੇ ਥਾਪਿ ਉਥਾਪੇ ਆਪੇ ॥ ਤੁਝ ਤੇ ਬਾਹਰਿ ਕਛੂ ਨ ਹੋਵੈ ਤੂੰ ਆਪੇ ਕਾਰੈ ਲਾਵਣਿਆ ॥੬॥ ਆਪੇ ਮਾਰੇ ਆਪਿ ਜੀਵਾਏ ॥ ਆਪੇ ਮੇਲੇ ਮੇਲਿ ਮਿਲਾਏ ॥ ਸੇਵਾ ਤੇ ਸਦਾ ਸੁਖੁ ਪਾਇਆ ਗੁਰਮੁਖਿ ਸਹਜਿ ਸਮਾਵਣਿਆ ॥੭॥ ਆਪੇ ਊਚਾ ਊਚੋ ਹੋਈ ॥ ਜਿਸੁ ਆਪਿ ਵਿਖਾਲੇ ਸੁ ਵੇਖੈ ਕੋਈ ॥ ਨਾਨਕ ਨਾਮੁ ਵਸੈ ਘਟ ਅੰਤਰਿ ਆਪੇ ਵੇਖਿ ਵਿਖਾਲਣਿਆ ॥੮॥੨੬॥੨੭॥ {ਪੰਨਾ 125}ਢ

ਭਾਵ ਅਰਥ:-

ਹੇ ਭਾਈ ! ਇਸ ਸਰੀਰ ਜਿਹੜਾ ਉਸੇ ਇਕ ਜੋਤ ਪ੍ਰਭੂ ਦਾ ਅੰਸ਼ ਹੈ । ਜਦੋਂ ਮਨੁੱਖ ਸ਼ਬਦ ਬਾਣੀ ਦੀ ਦਿਨ ਰਾਤ ਸਿਫਤ ਸਲਾਹ ਕਰਦਾ ਹੈ ,ਉਹਦੇ ਵਿੱਚ ਨਿਝ ਲਾ ਲੈਂਦਾ ਹੈ ,ਲਗਨ ਲਾ ਲੈਂਦਾ ਹੈ ਤਾਂ ਹੀ ਦਾਤੇ ਨੂੰ ਪਛਾਣ ਸਕਦਾ ਹੈ। ਉਸ ਦਾਤੇ ਨੇ ਇਹਨਾਂ ਸਰੀਰਾਂ ਨੂੰ ਆਪੇ ਹੀ ਅੱਡ ਅੱਡ ਸੂਰਤਾਂ ਦਿੱਤੀਆਂ ਹਨ ਤੇ ਆਪੇ ਫਰਕ ਪਾਏ ਹਨ॥੧॥

ਮੈਂ ਉਹਨਾਂ ਮਨੁੱਖਾਂ ਤੋਂ ਸਦਕੇ ਜਾਂਦਾ ਹਾਂ ਜਿਹੜੇ ਅਕਾਲ ਪੁਰਖ ਦਾ ਸਦਾ ਨਾਮ ਜਪਦੇ ਹਨ। ਗੁਰੂ ਤੋਂ ਬਗੈਰ ਕਿਸੇ ਨੂੰ ਵੀ ਮਨ ਦੀ ਅਡੋਲਤਾ ਤੇ ਸਹਿਜਤਾ ਨਹੀਂ ਮਿਲਦੀ। ਇਸ ਦੇ ਨਾਲ ਹੀ ਉਹ ਮਨੁੱਖ ਪ੍ਰਭੂ ਪਰਮਾਤਮਾ ਤੱਕ ਪਹੁੰਚ ਹਾਸਲ ਕਰ ਸਕਦਾ ਹੈ ॥੧॥ ਰਹਾਉ॥

ਹੇ ਅਕਾਲ ਪੁਰਖ ਤੂੰ ਆਪ ਵੀ ਸੋਹਣਾ ਤੇ ਤੇਰਾ ਸਿਰਜਿਆ ਹੋਇਆ ਸੰਸਾਰ ਵੀ ਸੁੰਦਰ ਹੈ। ਤੇਰੀ ਹੀ ਕਿਰਪਾ ਨਾਲ ਇਹ ਸੰਸਾਰ ਉਹਜਾਗਰ ਹੈ ਤੇ ਤੂੰ ਹੀ ਵਿਸਨੂੰ ਇਕ ਧਾਗੇ ਵਿੱਚ ਪਰੋ ਰੱਖਿਆ ਹੈ। ਹੇ ਸਤਿਗੁਰ ਤੂੰ ਜੀਵਾਂ ਨੂੰ ਆਪੇ ਹੀ ਦੁਖ ਤੇ ਸੁਖ ਦੇਣ ਵਾਲਾ ਹੈਂ। ਇਸ ਸੱਚਾਈ ਨੂੰ ਕੋਈ ਵਿਰਲਾ , ਗੁਰੂ ਦੇ ਸਨਮੁਖ ਰਹਿਣ ਵਾਲਾ ਹੀ ਸਮਝ ਸਕਦਾ ਹੈ॥੨॥

ਹੇ ਅਲਖ ਨਿਰੰਜਨ !ਤੂੰ ਆਪੇ ਹੀ ਕਰਨ ਕਰਾਵਣਹਾਰ ਹੈਂ ਜੇ ਸ਼ਬਦ ਬਾਣੀ ਵੀ ਮਨ ਚ ਵੱਸਦੀ ਹੈ ਤਾਂ ਉਹ ਵੀ ਤੇਰੇ ਹੁਕਮ ਨਾਲ ਹੀ ਵੱਸਦੀ ਹੈ॥੩॥

ਤੂੰ ਆਪ ਹੀ ਦੇਨਦਾਰ ਹੈਂ ਤੇ ਆਪ ਹੀ ਲੈਣ ਵਾਲਾ ਹੈਂ, ਤੂੰ ਹੀ ਹਰ ਤਰ੍ਹਾਂ ਦੇ ਬੰਧਨਾਂ ਨੂੰ ਤੋੜਦਾ ਤੇ ਮੁਕਤੀ ਦਵਾਉਂਦਾ ਹੈ। ਤੂੰ ਆਪ ਜਾਹਰਾ ਜਹੂਰ ਤੇ ਹਾਜਰਾ ਹਜੂਰ ਹੈਂ ॥੪॥

ਹੇ ਦਾਤਾ ! ਮਾਇਆ ਮੋਹ ਵੀ ਤੂੰ ਹੀ ਮਨੁੱਖਾ ਅੰਦਰ ਪਾਇਆ ਹੈ ਤੇ ਤੂੰ ਆਪ ਹੀ ਛਾਇਆ ਹੈਂ ,ਭਾਵ ਅਦਿੱਖ ਹੈਂ। ਤੂੰ ਆਪ ਹੀ ਮਨੁੱਖਾਂ ਵਿੱਚ ਗੁਣ ਪੈਦਾ ਕਰਨ ਵਾਲਾ ਹੈਂ ਤੇ ਮਨੁੱਖਾਂ ਦੇ ਅੰਦਰ ਰਹਿ ਕੇ ਆਪ ਹੀ ਆਪਣੇ ਗੁਣ ਗਾਇਨ ਕਰਾਉਣ ਵਾਲਾ ਹੈਂ॥੫॥

ਆਪੇ ਸ੍ਰਿਸ਼ਟੀ ਰਚਦਾ ਹੈਂ ਤੇ ਆਪੇ ਉਸ ਨੂੰ ਖਤਮ ਕਰ ਦਿੰਦਾ ਹੈਂ। ਤੇਰੇ ਹੁਕਮ ਤੋਂ ਬਿਨਾਂ ਪੱਤਾ ਵੀ ਨਹੀਂ ਹਿੱਲਦਾ। ਹਰ ਜੀਵ ਨੂੰ ਤੂੰ ਆਪ ਹੀ ਧੰਦੇ ਲਾਇਆ ਹੋਇਆ ਹੈ॥੬॥

ਜੀਵਾਂ ਨੂੰ ਮਾਰਦਾ ਵੀ ਆਪ ਤੇ ਜੀਵਨ ਵੀ ਆਪੇ ਦਿੰਦਾ ਹੈਂ ਤੇ ਆਪੇ ਹੀ ਆਪਣੇ ਨਾਲ ਮਿਲਾਉਂਦਾ ਵੀ ਹੈਂ। ਗੁਰਮੁਖਾਂ ਨੂੰ ਕਿਰਪਾ ਕਰਕੇ ਸਦਾ ਸੁਖ ਪ੍ਰਦਾਨ ਕਰਦਾ ਹੈਂ ਤੇ ਮੁੜ ਉਨਾਂ ਅੰਦਰ ਸਹਿਜ ਅਡੋਲਤਾ ਵੀ ਆਪ ਹੀ ਦਿੰਦਾ ਹੈਂ॥੭॥

ਹੇ ਮੇਰੇ ਸਾਰੰਗਪਾਣੀ ! ਤੂੰ ਇੰਨਾ ਉੱਚਾ ਹੈਂ ,ਕਿ ਤੇਰੀ ਮਰਜ਼ੀ ਤੋਂ ਬਗੈਰ ਤੇਰੇ ਕੋਈ ਦਰਸ਼ਨ ਦੀਦਾਰੇ ਵੀ ਨਹੀਂ ਕਰ ਸਕਦਾ। ਹੇ ਨਾਨਕ !ਤੂੰ ਹਰ ਘਟ ਵਿੱਚ ਵਸਦਾ ਹੈਂ ਪਰ ਤੇਰਾ ਹੁਕਮ ਹੁੰਦਾ ਹੈ ਤਾਂ ਹੀ ਉਹ ਤੇਰੇ ਦਰਸ਼ਨ ਦੀਦਾਰੇ ਕਰ ਸਕਦਾ ਹੈ॥੮॥

**ਅੰਗ 126**

ਮਾਝ ਮਹਲਾ ੩ ॥

ਮੇਰਾ ਪ੍ਰਭੁ ਭਰਪੂਰਿ ਰਹਿਆ ਸਭ ਥਾਈ ॥ ਗੁਰ ਪਰਸਾਦੀ ਘਰ ਹੀ ਮਹਿ ਪਾਈ ॥ ਸਦਾ ਸਰੇਵੀ ਇਕ ਮਨਿ ਧਿਆਈ ਗੁਰਮੁਖਿ ਸਚਿ ਸਮਾਵਣਿਆ ॥੧॥ ਹਉ ਵਾਰੀ ਜੀਉ ਵਾਰੀ ਜਗਜੀਵਨੁ ਮੰਨਿ ਵਸਾਵਣਿਆ ॥ ਹਰਿ ਜਗਜੀਵਨੁ ਨਿਰਭਉ ਦਾਤਾ ਗੁਰਮਤਿ ਸਹਜਿ ਸਮਾਵਣਿਆ ॥੧॥ ਰਹਾਉ ॥ ਘਰ ਮਹਿ ਧਰਤੀ ਧਉਲੁ ਪਾਤਾਲਾ ॥ ਘਰ ਹੀ ਮਹਿ ਪ੍ਰੀਤਮੁ ਸਦਾ ਹੈ ਬਾਲਾ ॥ ਸਦਾ ਅਨੰਦਿ ਰਹੈ ਸੁਖਦਾਤਾ ਗੁਰਮਤਿ ਸਹਜਿ ਸਮਾਵਣਿਆ ॥੨॥ ਕਾਇਆ ਅੰਦਰਿ ਹਉਮੈ ਮੇਰਾ ॥ ਜੰਮਣ ਮਰਣੁ ਨ ਚੂਕੈ ਫੇਰਾ ॥ ਗੁਰਮੁਖਿ ਹੋਵੈ ਸੁ ਹਉਮੈ ਮਾਰੇ ਸਚੋ ਸਚੁ ਧਿਆਵਣਿਆ ॥੩॥ ਕਾਇਆ ਅੰਦਰਿ ਪਾਪੁ ਪੁੰਨੁ ਦੁਇ ਭਾਈ ॥ ਦੁਹੀ ਮਿਲਿ ਕੈ ਸ੍ਰਿਸਟਿ ਉਪਾਈ ॥ ਦੋਵੈ ਮਾਰਿ ਜਾਇ ਇਕਤੁ ਘਰਿ ਆਵੈ ਗੁਰਮਤਿ ਸਹਜਿ ਸਮਾਵਣਿਆ ॥੪॥ ਘਰ ਹੀ ਮਾਹਿ ਦੂਜੈ ਭਾਇ ਅਨੇਰਾ ॥ ਚਾਨਣੁ ਹੋਵੈ ਛੋਡੈ ਹਉਮੈ ਮੇਰਾ ॥ ਪਰਗਟੁ ਸਬਦੁ ਹੈ ਸੁਖਦਾਤਾ ਅਨਦਿਨੁ ਨਾਮੁ ਧਿਆਵਣਿਆ ॥੫॥ ਅੰਤਰਿ ਜੋਤਿ ਪਰਗਟੁ ਪਾਸਾਰਾ ॥ ਗੁਰ ਸਾਖੀ ਮਿਟਿਆ ਅੰਧਿਆਰਾ ॥ ਕਮਲੁ ਬਿਗਾਸਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਵਣਿਆ ॥੬॥ ਅੰਦਰਿ ਮਹਲ ਰਤਨੀ ਭਰੇ ਭੰਡਾਰਾ ॥ ਗੁਰਮੁਖਿ ਪਾਏ ਨਾਮੁ ਅਪਾਰਾ ॥ ਗੁਰਮੁਖਿ ਵਣਜੇ ਸਦਾ ਵਾਪਾਰੀ ਲਾਹਾ ਨਾਮੁ ਸਦ ਪਾਵਣਿਆ ॥੭॥ ਆਪੇ ਵਥੁ ਰਾਖੈ ਆਪੇ ਦੇਇ ॥ ਗੁਰਮੁਖਿ ਵਣਜਹਿ ਕੇਈ ਕੇਇ ॥ ਨਾਨਕ ਜਿਸੁ ਨਦਰਿ ਕਰੇ ਸੋ ਪਾਏ ਕਰਿ ਕਿਰਪਾ ਮੰਨਿ ਵਸਾਵਣਿਆ ॥੮॥੨੭॥੨੮॥ {ਪੰਨਾ 126}

ਭਾਵ ਅਰਥ:-

ਹੇ ਭਾਈ ! ਮੇਰਾ ਪਰਮਾਤਮਾ ਹਰ ਥਾਂ ਵਿਆਪਤ ਹੈ। ਗੁਰੂ ਦੇ ਮਾਰਗਦਰਸ਼ਨ ਨਾਲ ਮਨੁੱਖ ਆਪਣੇ ਅੰਦਰ ਹੀ ਉਸਨੂੰ ਲੱਭ ਸਕਦਾ ਹੈ। ਜਿਸ ਗੁਰਮੁਖ ਨੇ ਉਸ ਦਾਤੇ ਨੂੰ ਸਦਾ ਧਿਆਇਆ ਇਕ ਮਨ ਇਕ ਚਿਤ ਹੋ ਕੇ ਉਹ ਸੱਚਾ ਪਾਤਸ਼ਾਹ ਉਸਦੇ ਹਿਰਦੇ ਅੰਦਰ ਆਪ ਹੀ ਸਮਾ ਜਾਂਦਾ ਹੈ॥੧॥

ਮੈਂ ਉਸ ਗੁਰਮੁਖ ਤੋਂ ਵਾਰੀ ਜਾਂਦਾ ਹਾਂ ਜਿਸ ਨੇ ਮੇਰੇ ਮਨ ਅੰਦਰ ਉਸ ਜਗਤ ਨੂੰ ਜੀਵਨ ਦੇਣ ਵਾਲੇ ਦਾ ਨਾਮ ਵਸਾ ਦਿੱਤਾ ਹੈ। ਉਹ ਜਗ ਨੂੰ ਜੀਵਨ ਦੇਣ ਵਾਲਾ ਨਿਰਭੈ ਪ੍ਰਭੂ ਗੁਰਮੁਖਾਂ ਦੇ ਅੰਦਰ ਸਹਿਜ ਅਡੋਲਤਾ ਬਣਾ ਦਿੰਦਾ ਹੈ॥੧॥ ਰਹਾਉ॥

ਹੇ ਭਾਈ ! ਆਪਣੇ ਹਿਰਦੇ ਦੇ ਅੰਦਰ ਹੀ ਸੰਪੂਰਨ ਧਰਤੀ ਸਮਾਈ ਹੋਈ ਹੈ ਤੇ ਪਤਾਲ ਆਪਣੇ ਆਪ ਵਿੱਚ ਢੌਲਾ ਬਲਦ ਹੈ। ਇਸ ਦੇ ਅੰਦਰ ਉਸ ਪ੍ਰਭੂ ਪਰਮਾਤਮਾ ਸਦਾ ਵਸਦਾ ਹੈ। ਗੁਰੂ ਦੇ ਮਾਰਗ ਦਰਸ਼ਨ ਨਾਲ ਮਨੁੱਖ ਆਪਣੇ ਹਿਰਦੇ ਵਿੱਚ ਪ੍ਰਭੂ ਨੂੰ ਸਮਾਉਣਾ ਕਰਦਾ ਹੈ ਤੇ ਭਰਪੂਰ ਅਨੰਦ ਰਹਿੰਦਾ ਹੈ॥੨॥

ਜੇ ਮੇਰੇ ਹਿਰਦੇ ਅੰਦਰ ਹਉਮੈ ਭਰਿਆ ਹੋਏਗਾ ਤਾਂ ਮੈਂ ਜਨਮ ਮਰਨ ਦੇ ਗੇੜ ਵਿੱਚੋਂ ਨਹੀਂ ਨਿਕਲ ਸਕਦਾ। ਜਿਸ ਮਨੁੱਖ ਦਾ ਮੁਖ ਗੁਰੂ ਵੱਲ ਹੋਏਗਾ ਭਾਵ ਗੁਰੂ ਦੀ ਗੱਲ ਮੰਨੇਗਾ, ਨਾਮ ਬਾਣੀ ਨਾਲ ਜੁੜੇਗਾ ਉਹ ਆਪਣੇ ਅੰਦਰਲੇ ਹੰਕਾਰ ਨੂੰ ਮਾਰ ਸੁੱਟੇਗਾ ਅਤੇ ਸੱਚੇ ਪ੍ਰਭੂ ਨੂੰ ਧਿਆਉਣਾ ਕਰੇਗਾ॥੩॥

ਆਪਣੇ ਸਰੀਰ ਵਿੱਚ ਸਭ ਕੁਝ ਵਿਆਪਤ ਹੈ, ਜਿਵੇਂ ਪਾਪ ਤੇ ਪੁੰਨ। ਦੋਨਾਂ ਦੇ ਮਿਲਣ ਨਾਲ ਹੀ ਸ੍ਰਿਸ਼ਟੀ ਬਣਦੀ ਹੈ। ਜੇ ਇਹ ਦੋਨੋਂ ਮਰ ਜਾਣ ਤਾਂ ਇੱਕ ਪ੍ਰਭੂ ਹਿਰਦੇ ਅੰਦਰ ਰਹਿ ਜਾਂਦਾ ਹੈ ਅਤੇ ਸਹਿਜ ਅਡੋਲਤਾ ਦਾ ਭਾਵ ਆ ਜਾਂਦਾ॥੪॥

ਇਸੇ ਸਰੀਰ ਦੇ ਅੰਦਰ ਮਨ ਦੇ ਵਿੱਚ ਹਨੇਰਾ ਵਸਿਆ ਹੋਇਆ ਹੈ ,ਭਾਵ ਕੂੜ। ਰੋਸ਼ਨੀ ਤਾਈਂ ਹੁੰਦੀ ਹੈ ਜੇ ਹੰਕਾਰ ਛੱਡਿਆ ਜਾਵੇ। ਉਹ ਸੁੱਖਾਂ ਨੂੰ ਦੇਣ ਵਾਲਾ ਦਾਤਾ ਆਪ ਪ੍ਰਗਟ ਹੋ ਜਾਂਦਾ ਹੈ, ਜਿੱਥੇ ਉਸ ਦੇ ਨਾਮ ਸ਼ਬਦ ਦੀ ਬਾਣੀ ਦਾ ਸੰਚਾਲਨ ਹਰ ਰੋਜ਼ ਹੁੰਦਾ ਹੈ॥੫॥

ਮਨੁੱਖ ਦੇ ਹਿਰਦੇ ਵਿੱਚ ਉਸ ਦਾਤੇ ਦੀ ਜੋਤ ਹਮੇਸ਼ਾ ਤੋਂ ਪ੍ਰਗਟ ਹੈ ਗੁਰੂ ਦੀ ਕਿਰਪਾ ਨਾਲ ਚਾਨਣਾ ਹੋ ਜਾਂਦਾ ਹੈ। ਜਦੋਂ ਮਨੁੱਖ ਉਸ ਜੋਤ ਨੂੰ ਜਾਣ ਜਾਂਦਾ ਹੈ, ਜਦੋਂ ਪ੍ਰਭੂ ਪਰਮਾਤਮਾ ਦੇ ਚਰਨ ਕਮਲਾਂ ਵਿੱਚ ਜਗ੍ਹਾ ਮਿਲ ਜਾਂਦੀ ਹੈ ਤਾਂ ਸਦਾ ਸੁਖ ਮਿਲਣ ਦੇ ਨਾਲ ਨਾਲ ਜੋਤੀ ਵਿੱਚ ਜੋਤੀ ਸਮਾ ਜਾਂਦੀ ਹੈ ਭਾਵ ਪ੍ਰਭੂ ਨਾਲ ਇਕਮਿਕਤਾ ਬਣ ਜਾਂਦੀ ਹੈ॥੬॥

ਮਨੁੱਖ ਦੇ ਅੰਦਰ ਹੀ ਪ੍ਰਭੂ ਨਾਮ ਦਾ ਰਤਨ ਜਵਾਹਰ ਮਾਣਕ ਆਦਿਕ ਕੀਮਤੀ ਪਦਾਰਥਾਂ ਦਾ ਭੰਡਾਰ ਹੈ, ਕੋਈ ਵਿਰਲਾ ਗੁਰਮੁਖ ਜੋ ਨਾਮ ਨਾਲ ਜੁੜਦਾ ਹੈ ਉਹੀ ਇਸ ਅਪਾਰ ਖਜਾਨੇ ਨੂੰ ਪਾ ਸਕਦਾ ਹੈ। ਗੁਰੂ ਦੇ ਸਨਮੁਖ ਰਹਿਣ ਵਾਲਾ ਹੀ ਇਸ ਨਾਮ ਦਾ ਵਪਾਰੀ ਬਣ ਕੇ ਸਦਾ ਇਹਦਾ ਫਾਇਦਾ ਉਠਾ ਸਕਦਾ।੭॥ ।

ਉਹ ਅਕਾਲ ਪੁਰਖ ਆਪੇ ਹੀ ਵਸਤੂ ਆਪਣੇ ਪਾਸ ਰੱਖਦਾ ਹੈ ਤੇ ਆਪ ਹੀ ਜੀਵਾਂ ਨੂੰ ਵੰਡਦਾ ਹੈ। ਗੁਰੂ ਦੇ ਸਨਮੁੱਖ ਰਹਿਣ ਵਾਲਾ ਮਨੁੱਖ ਇਸ ਨਾਮ ਦਾ ਵਪਾਰ ਕਰਦਾ ਹੈ। ਹੇ ਨਾਨਕ ! ਜਿਸ ਦੇ ਉੱਤੇ ਉਹ ਦਾਤਾ ਕਿਰਪਾ ਕਰਦਾ ਹੈ ਦਿਆਲ ਹੋ ਜਾਂਦਾ ਹੈ, ਉਸ ਦੇ ਉੱਤੇ ਮਿਹਰ ਕਰਕੇ ਉਹਦੇ ਹਿਰਦੇ ਅੰਦਰ ਵਸ ਜਾਂਦਾ ਹੈ॥੮॥

ਮਾਝ ਮਹਲਾ ੩ ॥ ਹਰਿ ਆਪੇ ਮੇਲੇ ਸੇਵ ਕਰਾਏ ॥ ਗੁਰ ਕੈ ਸਬਦਿ ਭਾਉ ਦੂਜਾ ਜਾਏ ॥ ਹਰਿ ਨਿਰਮਲੁ ਸਦਾ ਗੁਣਦਾਤਾ ਹਰਿ ਗੁਣ ਮਹਿ ਆਪਿ ਸਮਾਵਣਿਆ ॥੧॥ ਹਉ ਵਾਰੀ ਜੀਉ ਵਾਰੀ ਸਚੁ ਸਚਾ ਹਿਰਦੈ ਵਸਾਵਣਿਆ ॥ ਸਚਾ ਨਾਮੁ ਸਦਾ ਹੈ ਨਿਰਮਲੁ ਗੁਰ ਸਬਦੀ ਮੰਨਿ ਵਸਾਵਣਿਆ ॥੧॥ ਰਹਾਉ ॥ ਆਪੇ ਗੁਰੁ ਦਾਤਾ ਕਰਮਿ ਬਿਧਾਤਾ ॥ ਸੇਵਕ ਸੇਵਹਿ ਗੁਰਮੁਖਿ ਹਰਿ ਜਾਤਾ ॥ ਅੰਮ੍ਰਿਤ ਨਾਮਿ ਸਦਾ ਜਨ ਸੋਹਹਿ ਗੁਰਮਤਿ ਹਰਿ ਰਸੁ ਪਾਵਣਿਆ ॥੨॥ ਇਸੁ ਗੁਫਾ ਮਹਿ ਇਕੁ ਥਾਨੁ ਸੁਹਾਇਆ ॥ ਪੂਰੈ ਗੁਰਿ ਹਉਮੈ ਭਰਮੁ ਚੁਕਾਇਆ ॥ ਅਨਦਿਨੁ ਨਾਮੁ ਸਲਾਹਨਿ ਰੰਗਿ ਰਾਤੇ ਗੁਰ ਕਿਰਪਾ ਤੇ ਪਾਵਣਿਆ ॥੩॥ ਗੁਰ ਕੈ ਸਬਦਿ ਇਹੁ ਗੁਫਾ ਵੀਚਾਰੇ ॥ ਨਾਮੁ ਨਿਰੰਜਨੁ ਅੰਤਰਿ ਵਸੈ ਮੁਰਾਰੇ ॥ ਹਰਿ ਗੁਣ ਗਾਵੈ ਸਬਦਿ ਸੁਹਾਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥੪॥ ਜਮੁ ਜਾਗਾਤੀ ਦੂਜੈ ਭਾਇ ਕਰੁ ਲਾਏ ॥ ਨਾਵਹੁ ਭੂਲੇ ਦੇਇ ਸਜਾਏ ॥ ਘੜੀ ਮੁਹਤ ਕਾ ਲੇਖਾ ਲੇਵੈ ਰਤੀਅਹੁ ਮਾਸਾ ਤੋਲ ਕਢਾਵਣਿਆ ॥੫॥ ਪੇਈਅੜੈ ਪਿਰੁ ਚੇਤੇ ਨਾਹੀ ॥ ਦੂਜੈ ਮੁਠੀ ਰੋਵੈ ਧਾਹੀ ॥ ਖਰੀ ਕੁਆਲਿਓ ਕੁਰੂਪਿ ਕੁਲਖਣੀ ਸੁਪਨੈ ਪਿਰੁ ਨਹੀ ਪਾਵਣਿਆ ॥੬॥ ਪੇਈਅੜੈ ਪਿਰੁ ਮੰਨਿ ਵਸਾਇਆ ॥ ਪੂਰੈ ਗੁਰਿ ਹਦੂਰਿ ਦਿਖਾਇਆ ॥ ਕਾਮਣਿ ਪਿਰੁ ਰਾਖਿਆ ਕੰਠਿ ਲਾਇ ਸਬਦੇ ਪਿਰੁ ਰਾਵੈ ਸੇਜ ਸੁਹਾਵਣਿਆ ॥੭॥ ਆਪੇ ਦੇਵੈ ਸਦਿ ਬੁਲਾਏ ॥ ਆਪਣਾ ਨਾਉ ਮੰਨਿ ਵਸਾਏ ॥ ਨਾਨਕ ਨਾਮੁ ਮਿਲੈ ਵਡਿਆਈ ਅਨਦਿਨੁ ਸਦਾ ਗੁਣ ਗਾਵਣਿਆ ॥੮॥੨੮॥੨੯॥ {ਪੰਨਾ 126-127}

ਭਾਵ ਅਰਥ:-

ਉਹ ਹਰੀ ਪ੍ਰਭੂ ਆਪ ਹੀ ਕਿਰਪਾ ਕਰਕੇ ਬੰਦੇ ਤੋਂ ਆਪਣੀ ਸੇਵਾ ਲੈਂਦਾ ਤੇ ਫੇਰ ਆਪਣਾ ਮਿਲਾਪ ਕਰਾਉਂਦਾ ਹੈ। ਗੁਰੂ ਦੀ ਕਿਰਪਾ ਅਨੁਸਾਰ ਜਦੋਂ ਉਹਦੇ ਮਾਰਗਦਰਸ਼ਨ ਨਾਲ ਜੁੜਕੇ ਬੰਦਾ ਨਾਮ ਬਾਣੀ ਦਾ ਜਾਪ ਕਰਦਾ ਹੈ ਤਾਂ ਵਿਕਾਰ ਆਪਣੇ ਆਪ ਉਸ ਦੇ ਅੰਦਰੋਂ ਨਿਕਲ ਜਾਂਦੇ ਹਨ। ਹਰਿ ਪ੍ਰਭ ਪਵਿੱਤਰ ਅਤੇ ਸਦਾ ਤੋਂ ਗੁਣਾਂ ਦਾ ਖਜ਼ਾਨਾ ਹੈ। ਇਕ ਸੱਚਾ ਇਨਸਾਨ ਜਦੋਂ ਪਵਿੱਤਰ ਹੋ ਜਾਂਦਾ ਹੈ ਦੂਜੇ ਭਾਵ ਛੱਡ ਦਿੰਦਾ ਹੈ ਤੇ ਉਸ ਪਵਿੱਤਰ ਪ੍ਰਭੂ ਪਰਮਾਤਮਾ ਦੇ ਨਾਲ ਇੱਕ ਮਿਕ ਹੋ ਜਾਂਦਾ ਹੈ॥੧॥

ਮੈਂ ਉਸ ਸੱਚ ਸੱਚੇ ਅਤੇ ਸਦਾ ਥਿਰ ਰਹਿਣ ਵਾਲੇ ਪਰਮਾਤਮਾ ਤੋਂ ਵਾਰੀ ਜਾਂਦਾ ਹਾਂ, ਜਿਹੜਾ ਹਿਰਦੇ ਅੰਦਰ ਸਮਾ ਜਾਂਦਾ ਹੈ॥੧॥ ਰਹਾਉ॥

ਗੁਰੂ ਇੱਕ ਤਰਾਂ ਨਾਲ ਪਰਮਾਤਮਾ ਦਾ ਸਰੂਪ ਹੈ ਤੇ ਬੰਦੇ ਦੇ ਕਰਮਾਂ ਦਾ ਲੇਖਾ ਜੋਖਾ ਕਰਨ ਵਾਲਾ ਹੈ, ਜਿਹੜਾ ਗੁਰਮੁਖ ਗੁਰੂ ਦੀ ਗੱਲ ਮੰਨਦਾ ਹੈ, ਉਹਦੇ ਨਾਲ ਜੁੜਦਾ ਹੈ ਉਹ ਉਸ ਨੂੰ ਸਮਝ ਜਾਂਦਾ ਹੈ। ਇਹਨਾਂ ਗੁਰਮੁਖਾਂ ਨੂੰ ਗੁਰੂ ਦੀ ਅੰਮ੍ਰਿਤਮਈ ਬਾਣੀ ਮਿੱਠੇ ਲੱਗਦੇ ਹਨ ਤੇ ਗੁਰੂ ਦੀ ਮੱਤ ਰਾਹੀਂ ਗੁਰਮੁਖ ਇਸ ਨੂੰ ਹਾਸਿਲ ਕਰਦੇ ਹਨ॥੨॥

ਇਸ ਮਨੁੱਖੀ ਸਰੀਰ ਅੰਦਰ ਇਕ ਸੁੰਦਰ ਸਥਾਨ ਬਣਿਆ ਹੋਇਆ ਹੈ, (ਹਿਰਦਾ) ਸੱਚੇ ਗੁਰੂ ਨੇ ਬੰਦੇ ਦੇ ਅੰਦਰੋਂ ਹੰਕਾਰ ਮਾਰ ਦਿੱਤਾ ਹੈ ,ਭਰਮ ਦੂਰ ਹਟਾ ਦਿੱਤੇ ਹਨ ਤੇ ਇਸ ਕਾਰਨ ਗੁਰਮੁਖਿ ਲੋਕ ਹਰ ਰੋਜ਼ ਉਸ ਅਲੱਖ ਨਿਰੰਜਨ ਦਾ ਨਾਮ ਜਪਦੇ ਹਨ। ਉਸ ਤੇ ਨਾਮ ਰੰਗ ਵਿੱਚ ਰੱਤੇ ਜਾਂਦੇ ਹਨ, ਜਿਸ ਨੂੰ ਕਿ ਗੁਰੂ ਦੀ ਕਿਰਪਾ ਨਾਲ ਹਾਸਲ ਕੀਤਾ ਹੁੰਦਾ ਹੈ॥੩॥

ਗੁਰੂ ਦੀ ਕਿਰਪਾ ਨਾਲ ਇਸ ਸਰੀਰ ਦੀ ਗੁਫਾ ਅੰਦਰ ਹਿਰਦੇ ਨਾਮ ਦੀ ਥਾਂ ਹੈ ਜਿੱਥੇ ਦਾਤੇ ਦੀ ਵਿਚਾਰ ਚਰਚਾ ਚਲ ਰਹੀ ਹੈ ।ਸੁਹਣੇ ਸਥਾਨ ਅੰਦਰ ਉਹ ਆਪ ਨਾ ਦੇਖਿਆ ਜਾਣ ਵਾਲਾ ਪ੍ਰਭੂ ਵਸਦਾ ਹੈ। ਗੁਰਮੁਖ ਹਰੀ ਵਿਰਾਜਮਾਨ ਹੈ । ਗੁਰਮੁਖ ਸਾਧ ਸੰਗਤ ਵਿੱਚ ਬੈਠ ਕੇ ਉਸ ਪ੍ਰੀਤਮ ਪ੍ਰਭੂ ਦੇ ਨਾਮ ਦੀ ਚਰਚਾ ਕਰਦਾ ਹੈ, ਜਿਸ ਕਾਰਨ ਉਸਨੂੰ ਸੁਖ ਅਤੇ ਆਨੰਦ ਹਾਸਲ ਹੁੰਦਾ ਹੈ॥੪॥

ਵਿਕਾਰਾਂ ਵਿੱਚ ਲੱਗੇ ਹੋਏ ਮਨੁੱਖਾਂ ਕੋਲੋਂ ਜਮ ਘੜੀ ਘੜੀ ਪਲ ਪਲ ਦਾ ਹਿੱਸਾਬ ਲੈਂਦਾ ਹੈ। ਪ੍ਰਭੂ ਨਾਮ ਤੋਂ ਭੁੱਲੇ ਹੋਏ ਅਤੇ ਭਟਕੇ ਹੋਏ ਮਨੁੱਖ ਨੂੰ ਬਹੁਤ ਸਜਾ ਦਿੰਦਾ ਹੈ। ਉਹ ਜਮ ਅਜੇਹੇ ਵਿਕਾਰਾਂ ਨਾਲ ਲੱਦੇ ਮਨੁੱਖ ਦੀ ਆਤਮਾ ਤੋਂ ਘੜੀ ਘੜੀ ,ਪਲ ਪਲ, ਚਸੇ ਚਸੇ ,ਦਾ ਹਿਸਾਬ ਲੈਂਦਾ ਹੈ ਅਤੇ ਤੋਲ ਤੋਲ ਕੇ ਉਸ ਦੀ ਸਜ਼ਾ ਦਿੰਦਾ ਹੈ॥੫॥

ਇਹ ਮਨੁੱਖ ਇਸ ਤਰਾਂ ਦੀ ਸੀਰਤ ਰੱਖਦਾ ਹੈ ਕਿ ਸੰਸਾਰ ਵਿੱਚ ਆ ਕੇ ਆਪਣਾ ਕਰਮ,ਭਾਵ ਦੇ ਨਾਮ ਦਾ ਜਾਪ ਭੁੱਲ ਜਾਂਦਾ ਹੈ ਤੇ ਦੂਜੇ ਭਾਵਾਂ ਵਿੱਚ ਗਲਤਾਨ ਹੋ ਕੇ ਦੁੱਖ ਸਹਿੰਦਾ ਅਤੇ ਧਾਂਹਾਂ ਮਾਰ ਮਾਰ ਕੇ ਰੋਂਦਾ ਹੈ। ਹੇ ਭਾਈ ਜੇਹੜੀ ਜੀਵ ਇਸਤਰੀ ਭੈੜੀ, ਭੈੜੇ ਰੂਪ ਵਾਲੀ ਤੇ ਭੈੜੇ ਗੁਣਾਂ ਵਾਲੀ ਹੋਵੇਗੀ, ਉਹ ਸੁਪਨੇ ਵਿੱਚ ਵੀ ਆਪਣੇ ਪ੍ਰੀਤਮ ਪਿਆਰੇ ਪਰਮੇਸ਼ਰ ਨੂੰ ਨਹੀਂ ਪਾ ਸਕਦੀ॥੬॥

ਜਿਸ ਨੇ ਸੰਸਾਰ ਵਿੱਚ ਰਹਿੰਦਿਆਂ ਹੀ ਆਪਣੇ ਪਤੀ ਪਰਮੇਸ਼ਵਰ ਦੀ ਵੰਦਨਾ ਕੀਤੀ ਹੈ, ਮਨ ਅੰਦਰ ਵਸਾ ਲਿਆ ਹੈ, ਗੁਰੂ ਦੇ ਗਿਆਨ ਨਾਲ ਉਸ ਨੂੰ ਦਾਤੇ ਦਾ ਦਰ ਪ੍ਰਾਪਤ ਹੋ ਜਾਂਦਾ ਹੈ॥ ਫੇਰ ਅਜਿਹੀ, ਉਸ ਪ੍ਰੀਤਮ ਪਿਆਰੇ ਪਰਮੇਸ਼ਵਰ ਵਿੱਚ ਆਸਥਾ ਰੱਖਣ ਵਾਲੀ ਜੀਵ ਇਸਤਰੀ ਨੂੰ ,ਉਹ ਹਰੀ ਪ੍ਰਭੂ ਆਪਣੇ ਸੀਨੇ ਨਾਲ ਲਾ ਲੈਂਦਾ ਹੈ, ਆਪਣੀ ਸੇਜ ਤੇ ਨਾਲ ਬਿਠਾਉਂਦਾ ਹੈ (ਭਾਵ ਅਕਾਲ ਪੁਰਖ ਅਜਿਹੇ ਮਨੁੱਖ ਨੂੰ ਆਪਣੇ ਚਰਨ ਕਮਲਾਂ ਵਿੱਚ ਜਗਾ ਦਿੰਦਾ ਹੈ)॥੭॥

ਜੇ ਉਸ ਜੀਵ ਇਸਤਰੀ ਤੋਂ, ਉਹ ਪਾਰਬ੍ਰਹਮ ਖੁਸ਼ ਹੋ ਜਾਂਦਾ ਹੈ, ਉਸ ਨੂੰ ਆਪ ਹੀ ਮਿਹਰ ਕਰਕੇ ਆਪਣਾ ਨਾਮ ਪ੍ਰਦਾਨ ਕਰਦਾ ਹੈ। ਹੇ ਨਾਨਕ ! ਹਰ ਰੋਜ, ਪ੍ਰਤੀ ਦਿਨ, ਉਸ ਸਦਾ ਥਿਰ ਪ੍ਰਭ ਤਾ ਨਾਮ ਜਾਪ ਕਰਨ ਵਾਲੇ ਨੂੰ ਦਿਲ ਦੇ ਅੰਦਰ ਵਸਾਉਣ ਵਾਲੇ ਨੂੰ, ਹਰਿ ਪ੍ਰਭੂ ਆਪਣਾ ਨਾਮ ਜਸ ਤੇ ਵਡਿਆਈ ਦਿੰਦਾ ਹੈ॥੮॥



SANJHI SOCH
ਨਰੇਸ਼ ਕੁਮਾਰੀ
ਨਿਊਜੀਲੈਂਡ
+642041755894

**SANJHI SOCH TV & DAILY NEWSPAPER**




# TO EXPAND YOUR BUSINESS IN INDIAN COMMUNITY

Through Newspaper & T.V, Advertise with us just as low as **$100 PER MONTH.**

**Call +1 (209) 303-1260**

ਆਪਣੇ ਕਾਰੋਬਾਰ ਨੂੰ ਭਾਰਤੀ ਭਾਈਚਾਰੇ ਵਿੱਚ ਅਖ਼ਬਾਰ ਅਤੇ ਟੀਵੀ ਰਾਹੀ ਵਧਾਉਣ ਲਈ ਸਾਨੂੰ ਇਸ਼ਤਿਹਾਰ ਦਿਓ

ਇਸ਼ਤਿਹਾਰ ਲਾਉਣ ਦੀ ਕੀਮਤ ਸਿਰਫ $100 ਤੋਂ ਸ਼ੁਰੂ ਹੁੰਦੀ ਹੈ

www.sanjhisoch.com | Sanjhi Soch TV NRI

SANJHI SOCH

# ਟੀ.ਵੀ. ਪੱਤਰਕਾਰਾਂ ਦੀ ਜ਼ਰੂਰਤ

SANJHI SOCH

ਸਾਂਝੀ ਸੋਚ ਟੀ.ਵੀ. ਲਈ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਚੰਡੀਗੜ੍ਹ ਤੋਂ ਤਜ਼ੁਰਬੇਕਾਰ ਪੱਤਰਕਾਰਾਂ ਦੀ ਜ਼ਰੂਰਤ ਹੈ। ਤਨਖ਼ਾਹ ਯੋਗਤਾ ਅਨੁਸਾਰ।

**ਸੰਪਰਕ: +1 (209) 303-1260**